परस्परोपग्रहो
जीवनाम्


## ਇੱਕ ਇੰਦਰੀ ਤੋਂ ਲੈਕੇ
## ਪੰਜ ਇੰਦਰੀਆਂ ਵਾਲੇ ਜੀਵ





ਜ਼ੁਨੇਰਾ ਕੰਪਿਊਟਰਜ਼
ਦਿੱਲੀ ਗੇਟ ਮਾਲੇਰਕੋਟਲਾ
www: jainworld.com


# ਦੇਵਿੰਦਰ ਸਤਵ
## ਪ੍ਰਕਿਰਣਕ





ਅਨੁਵਾਦਕ : ਪੁਰਸ਼ੋਤਮ ਜੈਨ - ਰਵਿੰਦਰ ਜੈਨ

# ਦਵਿੰਦਰ ਸਤਵਾ

Davinder Satva




ਪੰਜਾਬੀ ਅਨੁਵਾਦਕ:

ਪੁਰਸ਼ੋਤਮ ਜੈਨ　　　　ਰਵਿੰਦਰ ਜੈਨ

ਪ੍ਰਕਾਸ਼ਕ:
26 ਵੀਂ ਮਹਾਵੀਰ ਜਨਮ ਕਲਿਆਨਕ ਸ਼ਤਾਵਦੀ ਸੱਯੋਜਿਕਾ ਸੰਮਤੀ ਪੰਜਾਬ
ਪੂਰਾਣਾ ਬੱਸ ਸਟੈਂਡ ਮਹਾਵੀਰ ਸਟਰੀਟ, ਮਾਲੇਰਕੋਟਲਾ ਜ਼ਿਲ੍ਹਾ ਸੰਗਰੂਰ।

# ਸਮਰਪਣ



ਧਰਮ ਭਰਾ ਸ਼੍ਰਮਣੋਪਾਸਕ
ਸ਼੍ਰੀ ਪਰਸ਼ੋਤਮ ਜੈਨ ਸਾਹਿਬ ਮੰਡੀ ਗੋਬਿੰਦਗੜ੍ਹ
ਨੂੰ ਸਮਰਪਨ ਦਿਨ ਦੇ ਸ਼ੁਭ ਮੌਕੇ ਤੇ
ਸ਼ਰਧਾ ਤੇ ਪ੍ਰੇਮ ਨਾਲ ਭੇਂਟ

**ਭੇਂਟ ਕਰਤਾ: ਰਵਿੱਦਰ ਜੈਨ**

ਮਾਲੇਰਕੋਟਲਾ 31/03/2008

# ਸਮਰਪਨ

ਜੀਵਨ ਵਿੱਚ ਕੁੱਝ ਘਟਨਾਵਾਂ ਅਤੇ ਪਲ ਅਜਿਹੇ ਹੁੰਦੇ ਹਨ ਜੋ ਜੀਵਨ ਦੀ ਰੂਪ ਰੇਖਾ ਨੂੰ ਤਹਿ ਕਰਦੇ ਹਨ। ਇਹਨਾਂ ਘਟਨਾਵਾਂ ਵਿੱਚ ਧਰਮ ਪ੍ਰਤੀ ਸਮਰਪਨ ਦੀ ਘਟਨਾ ਬਹੁਤ ਮਹੱਤਵਪੂਰਨ ਹੈ। ਮੇਰੇ ਜੀਵਨ ਵਿੱਚ 31 ਮਾਰਚ, 1969 ਦਾ ਦਿਨ ਬਹੁਤ ਮਹਤਵਪੁਰਨ ਹੈ ਕਿਉਂਕਿ ਇਸ ਦਿਨ ਮੈਨੂੰ ਅਪਣੇ ਧਰਮ ਭਰਾ ਸ਼੍ਰੀ ਪਰਸ਼ੋਤਮ ਜੈਨ ਮੰਡੀ ਗੋਬਿੰਦਗੜ੍ਹ ਦੇ ਦਰਸ਼ਨ ਦਾ ਸ਼ੁਭਾਗ ਪ੍ਰਾਪਤ ਹੋਇਆ। ਇਹ ਦਿਨ ਮੇਰੇ ਲਈ ਦੇਵ ਗੁਰੂ ਅਤੇ ਧਰਮ ਪ੍ਰਤੀ ਸਮਰਪਨ ਦਾ ਦਿਨ ਸਿੱਧ ਹੋਇਆ ਹੈ। 31 ਮਾਰਚ, 2008 ਨੂੰ 39 ਸਾਲ ਪੂਰੇ ਹੋਗਏ ਹਨ ਅਤੇ ਮੇਰੀ ਸਮਰਪਨ ਯਾਤਰਾ 40ਵੇਂ ਸਾਲ ਵਿੱਚ ਚੱਲ ਰਹੀ ਹੈ। ਜਿਸ ਪਿਛੇ ਮੇਰੇ ਧਰਮ ਭਰਾ ਦਾ ਆਸ਼ਿਰਵਾਦ ਮੈਨੂੰ ਹਮੇਸ਼ਾ ਮਿਲਦਾ ਰਿਹਾ ਹੈ। ਸਾਡਾ ਜੀਵਨ ਜੈਨ ਧਰਮ ਅਤੇ ਸਹਿਤ ਪ੍ਰਤੀ ਸਮਰਪਨ ਜੀਵਨ ਹੈ। ਅੱਜ 31 ਮਾਰਚ, 2008 ਨੂੰ ਮੈਂ ਇਹ ਅਨੁਵਾਦ ਅਪਣੇ ਧਰਮ ਭਰਾ ਸ਼੍ਰੀ ਪਰਸ਼ੋਤਮ ਜੈਨ ਜੋ ਕਿ ਇਸ ਗ੍ਰੰਥ ਦੇ ਸਹਾਇਕ ਅਨੁਵਾਦਕ ਵੀ ਹਨ ਨੂੰ ਸਮਰਪਤ ਕਰਦਾ ਹੋਇਆ ਆਤਮ ਖੁਸ਼ੀ ਅਨੁਭਵ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਮੈਨੂੰ ਅਪਣੇ ਧਰਮ ਭਰਾ ਦਾ ਪਿਆਰ ਤੇ ਸੇਵਾ ਇਸੇ ਪ੍ਰਕਾਰ ਮਿਲਦਾ ਰਹੇਗਾ।

ਭੇਂਟ ਕਰਤਾ:

ਰਵਿੰਦਰ ਜੈਨ

## ਅਨੁਵਾਦਕਾਂ ਵੱਲੋਂ

ਸੰਸਾਰ ਦੇ ਪ੍ਰਾਚੀਨ ਧਰਮਾਂ ਵਿੱਚੋਂ ਜੈਨ ਧਰਮ ਇੱਕ ਪ੍ਰਾਚੀਨ ਧਰਮ ਹੈ। ਜਿਸ ਦੀ ਅਪਣੀ ਵੱਖਰੀ ਪਹਿਚਾਨ, ਸੰਸਕ੍ਰਿਤੀ, ਭਾਸ਼ਾ, ਸਿਧਾਂਤ, ਦਰਸ਼ਨ, ਇਤਿਹਾਸ ਅਤੇ ਧਰਮ ਗ੍ਰੰਥਾਂ ਦੀ ਲੰਬੀ ਪ੍ਰੰਪਰਾ ਹੈ। ਹਰ ਆਸ਼ਤਕ ਧਰਮ ਵਿੱਚ ਦੇਵਤਿਆਂ ਦੀ ਹੋਂਦ ਕਿਸੇ ਨਾ ਕਿਸੇ ਪ੍ਰਕਾਰ ਨਾਲ ਪ੍ਰਾਪਤ ਹੁੰਦੀ ਹੈ। ਇਸੇ ਪ੍ਰਕਾਰ ਜੈਨ ਧਰਮ ਗ੍ਰੰਥਾਂ ਵਿੱਚ ਵੀ ਦੇਵਤੇ ਅਤੇ ਸਵਰਗ ਵਾਰੇ ਭਗਵਾਨ ਮਹਾਵੀਰ ਨੇ ਦੱਸੀਆ ਹੈ।

ਜੈਨ ਧਰਮ ਵਿੱਚ 45 ਆਗਮ ਸਵੇਤਾਂਵਰ ਮਾਨਿਤਾ ਵਿੱਚ ਮੰਨੇ ਜਾਂਦੇ ਹਨ। ਜਿਹਨਾਂ ਦੀ ਭਾਸ਼ਾ 2600 ਸਾਲ ਪੁਰਾਣੀ ਅਰਧ ਮਾਘਦੀ ਪ੍ਰਾਕ੍ਰਿਤ ਭਾਸ਼ਾ ਹੈ। ਇਹਨਾ ਆਗਮਾਂ ਦਾ ਸੰਕਲਨ ਪੰਜ ਵਾਚਨਾਵਾਂ ਰਾਹੀ ਸੰਪੂਰਨ ਹੋਇਆ ਹੈ। ਇਹਨਾਂ ਆਗਮਾਂ ਵਿੱਚ 12 ਅੰਗ, 12 ਉਪੰਗ, ਮੂਲ ਗ੍ਰੰਥ, ਛੇ ਸੂਤਰ ਤੋਂ ਛੁੱਟ 10 ਪ੍ਰਕੀਰਨਕ ਗ੍ਰੰਥ ਹਨ। ਦੇਵਿੰਦਰ ਸਤਵ ਵਿੱਚ ਵੀ ਇੱਕ ਪ੍ਰਕੀਰਨਕ ਗ੍ਰੰਥ ਹੈ। ਜਿਸ ਦੇ ਸੰਕਲਨਕਰਤਾਂ ਰਿਸ਼ਿ ਪਾਲੀਤ ਅਚਾਰੀਆ ਹੋਏ ਹਨ। ਨੰਦੀ ਸੂਤਰ ਵਿੱਚ ਵੀ ਦੇਵੰਦਰ ਸਤਵ ਦਾ ਵਰਨਣ ਹੁੰਦਾ ਹੈ। ਕਲਪ ਸੂਤਰ ਅਨੁਸਾਰ ਰਿਸ਼ਿ ਪਾਲਤ ਦੀ ਪਟਾ ਵਲੀ ਇਸ ਪ੍ਰਕਾਰ ਹੈ।

ਭਗਵਾਨ ਮਹਾਵੀਰ
|
ਆਰਿਆ ਸੁਧਰਮਾ
|
ਆਰਿਆ ਜੰਬੂ
|
ਆਰਿਆ ਪ੍ਰਭਵ
|

ਆਰਿਆ ਸਵੇਂਪ੍ਰਭਵ
|
ਆਰਿਆ ਯਸੋਭੱਦਰ
|

| | |
|---|---|
| ਆਰਿਆ ਭੱਦਰ ਵਾਹੂ | ਆਰਿਆ ਸੰਭੂਤ ਵਿਜੇ |
| | ਆਰਿਆ ਸਥੁਲੀਭੱਦਰ |

| | |
|---|---|
| ਆਰਿਆ ਮਹਾਂਗੀਰੀ | ਆਰਿਆ ਸੁਹਸਤੀ |

| | |
|---|---|
| ਆਰਿਆ ਸੁਸਥਿਤ | ਸੁਪ੍ਰਤਿਬੁੱਧ (10 ਹੋਰ) |
| ਆਰਿਆ ਇੰਦਰਦਿਨ | |
| ਆਰਿਆ ਸ਼ਾਂਤੀਸੈਨ | |
| ਰਿਸ਼ਿਪਾਲਿਤ | |

ਆਰਿਆ ਰਿਸ਼ਿ ਪਾਲਿਤ ਦਾ ਸਮਾਂ ਈਸਾ ਪੂਰਵ 500 ਦੇ ਕਰੀਬ ਠਹਿਰਦਾ ਹੈ।ਇਸ ਗ੍ਰੰਥ ਦੀਆਂ ਕਈ ਕਥਾਵਾਂ ਸਥਾਨਾਂਗ, ਸਮਵਯਾਂਗ, ਪ੍ਰੀਆਪਨਾ, ਜੰਬੂ ਦੀਪ ਪ੍ਰਗਿਪਤੀ, ਜੀਵਾਭਿਗਮ ਆਦਿ ਪ੍ਰਾਚੀਨ ਗ੍ਰੰਥਾਂ ਵਿੱਚ ਮਿਲਦੀਆਂ ਹਨ। ਇਸ ਗ੍ਰੰਥ ਦੀ ਵਾਰਤਾਲਾਪ ਸ਼ੈਲੀ ਹੋਰ ਜੈਨ ਆਗਮਾਂ ਤੋਂ

ਵੱਖਰੀ ਹੈ। ਇਸ ਵਿੱਚ ਭਗਵਾਨ ਮਹਾਵੀਰ, ਗੋਤਮ ਦੀ ਕੋਈ ਵਾਰਤਾਲਾਪ ਨਹੀਂ ਨਾ ਹੀ ਆਰਿਆ ਜੰਬੂ ਅਪਣੇ ਗੁਰੂ ਆਰਿਆ ਸੁਧਰਮਾ ਤੋਂ ਕੋਈ ਪ੍ਰਸ਼ਨ ਕਰਦੇ ਹਨ। ਇਸ ਤੋਂ ਉਲਟ ਇਸ ਵਿੱਚ ਇਕ ਜੈਨ ਸ਼੍ਰਾਵਕ (ਉਪਾਸਕ) ਅਪਣੀ ਧਰਮ ਪਤਨੀ ਸ਼੍ਰਾਵਿਕਾ (ਉਪਾਸਕਾ) ਅਪਣੇ ਆਪ ਦੇਵ ਲੋਕ ਦਾ ਵਰਨਣ ਕਰਦਾ ਹੈ।

ਹੱਥਲਾ ਅਨੁਵਾਦ:

ਲੰਬੇ ਸਮੇਂ ਤੋਂ ਇਸ ਗ੍ਰੰਥ ਦਾ ਅਨੁਵਾਦ ਕਿਸੇ ਵਿਦਵਾਨ ਨੇ ਨਹੀਂ ਕੀਤਾ ਸੀ। ਫਿਰ ਪ੍ਰਸ਼ਿੱਧ ਜੈਨ ਮੁਨੀ ਜਿਨ ਵਿਜੈ ਨੇ ਇਸ ਦੇ ਪਾਠ ਦਾ ਸੰਕਾਲਨ ਕੀਤਾ। ਇਸ ਗ੍ਰੰਥ ਵਿੱਚ ਅਸੀਂ ਪ੍ਰਾਪਤ ਜਿਹਨਾ ਹਿੰਦੀ, ਗੁਜ਼ਰਾਤੀ ਅਨੁਵਾਦਾਂ ਦੀ ਮਦਦ ਲਈ ਹੈ। ਉਹਨਾਂ ਦੇ ਵਿਦਵਾਨ ਅਨੁਵਾਦਕਾਂ ਅਤੇ ਪ੍ਰਕਾਸ਼ਕਾ ਦੇ ਅਸੀਂ ਧੰਨਵਾਦੀ ਹਾਂ।

## ਧੰਨਵਾਦ:

ਅਸੀਂ ਸ਼੍ਰੀ ਵਿਨੋਦ ਦਰਿਆਪੁਰ ਇੰਚਾਰਜ ਜੈਨ ਵਰਲਡ ਦੇ ਵੀ ਧੰਨਵਾਦੀ ਹਾਂ ਕਿ ਜਿਹਨਾਂ ਪੰਜਾਬੀ ਜੈਨ ਸਾਹਿਤ ਨੂੰ ਅਪਣੀ ਵੈਬ ਸਾਇਟ ਤੇ ਯੋਗ ਸਥਾਨ ਦਿਤਾ ਹੈ ਜਿਸ ਰਾਹੀਂ ਪੰਜਾਬੀ ਜੈਨ ਸਾਹਿਤ ਆਮ ਲੋਕਾਂ ਤੱਕ ਪਹੁੰਚ ਸਕਿਆ ਹੈ। ਅਸੀਂ ਸੁਨੀਲ ਦੇਸ਼ ਮਣੀ ਸ਼ੋਲਾਪੁਰ ਦੇ ਸਹਿਯੋਗ ਲਈ ਵੀ ਧੰਨਵਾਦੀ ਹਾਂ।

ਅਸੀਂ ਅਪਣੇ ਛੋਟੇ ਵੀਰ *ਸ਼੍ਰੀ ਮੁਹੰਮਦ ਸ਼ੱਬੀਰ (ਜ਼ੂਨੈਰ੍ਹਾ ਕੰਪਿਊਟਰਜ਼, ਮਾਲੇਰਕੋਟਲਾ)* ਦੇ ਵੀ ਧੰਨਵਾਦੀ ਹਾਂ ਜਿਹਨਾਂ ਅਪਣਾ ਵਿਸ਼ੇਸ਼ ਧਿਆਨ ਅਤੇ ਸਹਿਯੋਗ ਇਸ ਪ੍ਰਕਾਸ਼ਨ ਵਿੱਚ ਦਿੱਤਾ ਹੈ।

## ਆਸ਼ੀਰਵਾਦ:

ਸਾਨੂੰ ਪੰਜਾਬੀ ਜੈਨ ਸਾਹਿਤ ਲਈ ਆਚਾਰਿਆ ਸ਼੍ਰੀ ਆਨੰਦ ਰਿਸ਼ੀ ਜੀ, ਆਚਾਰਿਆ ਸ਼੍ਰੀ ਦੇਵੇਂਦਰ ਮੁਨੀ ਜੀ, ਆਚਾਰਿਆ ਸ਼੍ਰੀ ਸ਼ੁਸ਼ੀਲ ਕੁਮਾਰ ਜੀ, ਆਚਾਰਿਆ ਸ਼੍ਰੀ ਤੁਲਸੀ ਜੀ, ਆਚਾਰਿਆ ਸ਼੍ਰੀ ਮਹਾਂ ਪ੍ਰਗੀਆ ਜੀ, ਆਚਾਰਿਆ ਸ਼੍ਰੀ ਵਿਜੈਇੰਦਰ ਦਿਨ ਸ਼ੂਰੀ, ਆਚਾਰਿਆ ਸ਼੍ਰੀ ਨਿੱਤਿਆ ਨੰਦ ਸ਼ੂਰੀ ਜੀ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰਿਆ ਡਾ: ਸ਼ਿਵ ਮੁਨੀ ਜੀ ਦੇ ਆਸ਼ੀਰਵਾਦ ਪ੍ਰਾਪਤ ਰਹੇ ਹਨ। ਇਸ ਤੋਂ ਛੁਟ ਆਚਾਰਿਆ ਮਹਾਂ ਪ੍ਰਗੀਆ ਦੇ ਚੈਲੇ ਸਵਰਗੀ ਸ਼੍ਰੀ ਵਰਧਮਾਨ ਜੀ ਅਤੇ ਸ਼੍ਰੀ ਜੈ ਚੰਦ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਸਾਧਵੀਆਂ ਵਿੱਚ ਪੰਜਾਬੀ ਜੈਨ ਸਾਹਿਤ ਪ੍ਰੇਰਕਾ ਜੈਨ ਜਯੋਤੀ ਉਪ ਪ੍ਰਵਰਤਨੀ ਸ਼੍ਰੀ ਸ਼ਵਰਨਕਾਂਤਾ ਜੀ ਮਹਾਰਾਜ, ਉਹਨਾਂ ਦੀ ਵਿਦਵਾਨ ਚੇਲੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਅਤੇ ਆਚਾਰਿਆ ਸਾਧਵੀ ਡਾ: ਸਾਧਨਾ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹਨਾਂ ਦਾ ਆਸ਼ਿਰਵਾਦ ਬਣਿਆ ਰਹੇਗਾ।

ਸ਼ੁਭ ਚਿੰਤਕ:

31/03/2008 ਪੁਰਸ਼ੋਤਮ ਜੈਨ, ਰਵਿੰਦਰ ਜੈਨ

ਮੰਡੀ ਗੋਬਿੰਦਗੜ੍ਹ ਅਨੁਵਾਦਕ

# ਜੈਨ ਕਾਲ ਚੱਕਰ



૧લો આરો
સુષમ સુષમ
૪ ક્રોડા ક્રોડી સાગરોપમ
૨જો આરો
સુષમ
૩ ક્રોડા ક્રોડી સાગરોપમ
૩જો આરો
સુષમ દુઃષમ
૨ ક્રોડા ક્રોડી સાગરોપમ
૪થો આરો
૫મો આરો
૨૧૦૦૦ વર્ષ
દુઃષમ
૬ઠ્ઠો આરો
૨૧૦૦૦ વર્ષ
દુઃષમ દુઃષમ
દસ ક્રોડા ક્રોડી પલ્યોપમ
અંક સાગરોપમ
૪ ગાઉ

# ਦੇਵਿੰਦਰਸਤਵ

## ਪ੍ਰਸਤਾਵਨਾ

ਤਿੰਨ ਲੋਕ ਦੇ ਗੁਰੂ, ਗੁਣਾ ਨਾਲ ਸੰਪੂਰਨ, ਦੇਵਤਿਆਂ ਅਤੇ ਮਨੁਖਾਂ ਨਾਲ ਪੂਜਿਤ, ਰਿਸ਼ਵ ਪ੍ਰਭੂ ਜਿਨਵਰ ਅਤੇ ਆਖਰੀ ਤੀਰਥੰਕਰ ਮਹਾਂਵੀਰ ਨੂੰ ਨਮਸ਼ਕਾਰ ਕਰਕੇ ਨਿਸ਼ਚੇ ਹੀ ਆਗਮ ਦਾ ਜਾਣਕਾਰ ਕੋਈ ਉਪਾਸਕ ਸਵੇਰ ਦੇ ਸਮੇਂ, ਜਿਹਨਾਂ ਨੇ ਅਹੰਕਾਰ ਨੂੰ ਜਿੱਤ ਲਿਆ ਹੈ ਅਜਿਹੇ ਵਰਧਮਾਨ ਦੀ ਮਨੋਹਰ ਉਪਾਸ਼ਨਾ ਕਰਦਾ ਹੈ ਅਤੇ ਉਸ ਉਪਾਸਨਾ ਕਰਦੇ ਹੋਏ ਉਪਾਸਕ ਦੀ ਪਤਨੀ ਸੁਖ ਪੁਰਵਕ ਸਾਹਮਣੇ ਬੈਠੀ ਹੋਈ ਸਮਭਾਵ ਦੇ ਨਾਲ ਦੋਹੇਂ ਹੱਥ ਜੋੜਕੇ ਉਸ ਵਰਧਮਾਨ ਦੀ ਸਤੁਤੀ ਸੁਣਦੀ ਹੈ। ॥ 1-3॥

ਤਿਲਕ ਰੂਪੀ ਰਤਨ ਅਤੇ ਸੁਭਾਗ ਦੇ ਚਿੰਨ੍ਹ ਨਾਲ ਸੁਸ਼ੋਭਿਤ ਇੰਦਰ ਦੀਆਂ ਪਤਨੀਆਂ ਨਾਲ ਅਸੀਂ ਵੀ, ਜਿਹਨਾਂ ਨੇ ਅਹੰਕਾਰ ਨੂੰ ਨਸ਼ਟ ਕਰ ਦਿਤਾ ਹੈ ਅਜਿਹੇ ਵਰਧਮਾਨ ਦੇ ਚਰਨਾ ਵਿੱਚ ਮਸਤਕ ਝੁਕਾ ਕੇ ਨਮਸਕਾਰ ਕਰਦੇ ਹਾਂ। ॥4॥

ਵਿਨੈ ਨਾਲ ਪ੍ਰਨਾਮ ਕਰਨ ਦੇ ਕਾਰਨ ਢਿੱਲੇ ਹੋ ਗਏ ਦੇਵਤਿਆਂ ਦੇ ਮੁਕਟ ਅਤੇ ਅਦੂਤੀ ਜਸ ਵਾਲੇ, ਕਰੋਧ ਨੂੰ ਸ਼ਾਂਤ ਕਰਨ ਵਾਲੇ ਵਰਧਮਾਨ ਦੇ ਚਰਨਾਂ ਵਿੱਚ ਨਮਸ਼ਕਾਰ ਕੀਤਾ ਗਿਆ ਹੈ। ॥5॥

ਜਿਨ੍ਹਾਂ ਗੁਣਾ ਦੇ ਰਾਹੀਂ 32 ਦੇਵਿੰਦਰ ਪੂਰੀ ਤਰ੍ਹਾਂ ਹਰਾ ਦਿੱਤੇ ਹਨ ਇਸ ਲਈ ਉਹਨਾਂ ਕਲਿਆਨ ਕਾਰੀ ਚਰਨਾ ਦੀ ਸੁੰਦਰਤਾ ਦਾ ਧਿਆਨ ਕਰਦੇ ਹਾਂ। ॥6॥

### 32 ਦੇਵਿੰਦਰਾਂ ਦੇ ਵਿਸ਼ੇ ਬਾਰੇ ਪ੍ਰਸ਼ਨ:

ਉਹ ਉਪਾਸ਼ਕ ਦੀ ਪਤਨੀ ਅਪਣੇ ਪਤੀ ਨੂੰ ਆਖਦੀ ਹੈ, "ਇਸ ਪ੍ਰਕਾਰ ਜੋ 32 ਦੇਵਿੰਦਰ ਆਖੇ ਗਏ ਹਨ ਉਹਨਾਂ ਦੇ ਸੰਬਧ ਵਿੱਚ ਮੇਰੇ ਪ੍ਰਸ਼ਨ ਦੀ ਖਾਸ ਵਿਆਖਿਆ ਕਰੋ"। ॥7॥

ਉਹ 32 ਦੇਵਿੰਦਰ ਕਿਹੜੇ ਹਨ? ਕਿੱਥੇ ਰਹਿੰਦੇ ਹਨ? ਉਹਨਾਂ ਦੀ ਸਥਿਤੀ (ਉਮਰ) ਕੀ ਹੈ? ਉਹਨਾਂ ਦੇ ਭਵਨ ਆਦਿ ਪਰਿਗ੍ਰਹਿ ਕੀ ਹੈ? ॥8॥

ਉਹਨਾਂ ਦੇ ਕਿੰਨੇ ਦੇਵ ਵਿਮਾਨ ਹਨ? ਕਿੰਨੇ ਭਵਨ ਹਨ? ਕਿੰਨੇ ਨਗਰ ਹਨ? ਉਹ ਭੂਮੀ ਦੀ ਮੋਟਾਈ ਕਿੰਨੀ ਹੈ? ਕਿੰਨੀ ਉੱਚਾਈ ਹੈ ਅਤੇ ਵਿਮਾਨਾਂ ਦੇ ਰੰਗ ਕਿਸ ਪ੍ਰਕਾਰ ਦੇ ਹਨ? ॥9॥

ਜਿਆਦਾ, ਮੱਧਮ ਅਤੇ ਘੱਟ ਸਮੇਂ ਵਿੱਚ ਕੌਣ ਕਿੰਨਾ ਭੋਜਨ ਕਰਦੇ ਹਨ ਅਤੇ ਉੱਛਵਾਸ, ਨਿਸਵਾਸ (ਸਾਹ) ਆਦਿ ਦੀ ਪ੍ਰਕ੍ਰਿਆ ਕੀ ਹੈ? ਕਿਸ ਵਿੱਚ ਕਿੰਨਾ ਅੱਵਧੀ ਗਿਆਨ ਹੈ? ॥10॥

ਜਿਸ ਦੇ ਰਾਹੀਂ ਸ਼੍ਰਿਸਟਾਚਾਰ ਅਤੇ ਉਪਚਾਰ ਦੂਰ ਕਰ ਦਿਤੇ ਗਏ ਹਨ। ਉਸ ਹਾਸਰਸ ਨੂੰ ਖਤਮ ਕਰਦੀ ਹੋਈ ਪਤਨੀ ਦੇ ਰਾਹੀਂ ਪੁੱਛੇ ਪ੍ਰਸ਼ਨਾਂ ਦੇ ਉੱਤਰ ਪਤੀ ਆਖਦਾ ਹੈ, ਹੇ ਪੁਤਰ ਵਾਲੀ ਸੁਣੋ। ॥11॥

## 32 ਦਵਿੰਦਰਾਂ ਦੇ ਸਰੂਪ ਦੇ ਵਿਸ਼ੇ ਦੇ ਉੱਤਰ:

ਤੁਹਾਡੇ ਪ੍ਰਸ਼ਨ ਦੇ ਉੱਤਰ ਦੇ ਰੂਪ ਵਿੱਚ ਸ਼ਰੂਤ ਗਿਆਨ ਰੂਪੀ ਮੁੰਦਰ ਵਿਚੋਂ ਜੋ ਵਿਸ਼ਲੇਸ਼ਨ ਉਪਲਬਧ ਹੈ ਉਸ ਵਿੱਚੋਂ ਇੰਦਰਾ ਦੇ ਨਾਂ ਸੁਣੋ। ॥12॥

ਬਹਾਦਰਾਂ ਰਾਹੀਂ ਪ੍ਰਨਾਮ ਕੀਤੇ ਹੋਏ, ਉਸ ਵਿਸ਼ਲੇਸ਼ਨਾਤਮਕ ਗਿਆਨ ਰੂਪੀ ਰਤਨ ਨੂੰ, ਜੋ ਤਾਰਿਆਂ ਦੇ ਸਮੂਹ ਦੀ ਤਰ੍ਹਾਂ ਸ਼ੁੱਧ ਹੈ ਉਸ ਨੂੰ ਖੁਸ਼ ਹੋ ਕੇ ਸੁਣੋ। ॥13॥

ਹੇ ਸੁੰਦਰ ਨੇਤਰਾਂ ਵਾਲੀ! ਰਤਨ ਪ੍ਰਭਾ ਪ੍ਰਿਥਵੀ (ਨਰਕ) ਵਿੱਚ ਰਹਿਨ ਵਾਲੇ, ਤੇਜੋਲੇਸਿਆ ਯੁੱਕਤ 20 ਭਵਨ ਪਤੀ ਦੇਵਤਿਆਂ ਦੇ ਨਾਂ ਮੇਰੇ ਤੋਂ ਸੁਣੋ। ॥14॥

## 20 ਭਵਨ ਪਤੀ ਇੰਦਰ:

ਅਸੂਰ ਦੇ ਦੋ ਭਵਨ ਪਤੀ ਇੰਦਰ ਹਨ, 1. ਚਮਰਿੰਦਰ ਅਤੇ 2. ਅਸੂਰਦੇਵ ਉਸੇ ਪ੍ਰਕਾਰ ਨਾਲ ਦੋ ਨਾਗਕੁਮਾਰ ਇੰਦਰ ਹਨ, 3. ਧਰਿੰਦਰ ਅਤੇ 4. ਭੂਤਾਨੰਦ। ॥15॥

ਹੇ ਸੁੰਦਰੀ! ਦੋ ਸੁਪ੍ਰਨ ਇੰਦਰ ਹਨ, 5. ਵੇਨੂਦੇਵ ਅਤੇ 6. ਵੇਨੂਦਾਲੀ ਇਸ ਪ੍ਰਕਾਰ ਦੋ ਦੀਪਕੁਮਾਰ ਇੰਦਰ ਹਨ, 7. ਪੂਰਨ ਅਤੇ 8. ਵਰਿਸ਼ਟ। ॥16॥

ਦੋ ਉਦਧਿਕੁਮਾਰ ਇੰਦਰ ਹਨ, 9. ਜਲਕਾਂਤ ਅਤੇ 10. ਜਲਪ੍ਰਭ ਉਸੇ ਪ੍ਰਕਾਰ 11. ਮਿਤਗਤੀ ਅਤੇ 12. ਅਮਿਤਵਾਹਨ ਨਾਮਕ ਦੋ ਦਿਸ਼ਾ ਕੁਮਾਰ ਦੇ ਇੰਦਰ ਹਨ। ॥17॥

ਦੋ ਵਾਯੂ ਕੁਮਾਰ ਇੰਦਰ ਹਨ, 13. ਵੇਲੰਬ ਅਤੇ 14. ਪ੍ਰਭੰਜਨ ਉਸੇ ਪ੍ਰਕਾਰ 15. ਘੋਸ਼ ਅਤੇ 16. ਮਹਾਂ ਘੋਸ਼ ਨਾਮਕ ਦੋ ਸਤਨਿਤ ਕੁਮਾਰ ਦੇ ਇੰਦਰ ਹਨ। ॥18॥

ਦੋ ਵਿਧੁਤ ਕੁਮਾਰ ਇੰਦਰ ਹਨ, 17. ਹਰੀਕਾਂਤ ਅਤੇ 18. ਹਰੀਸੱਹ ਉਸੇ ਪ੍ਰਕਾਰ 19. ਅਗਣੀਸ਼ਿੱਖ ਅਤੇ 20. ਅਗਣੀ ਮਾਨਵ ਨਾਂ ਦੇ ਦੋ ਅਗਣੀ ਅਤਿ ਇੰਦਰ ਹਨ। ॥19॥

ਹੇ ਚੰਗੇ ਯੱਸ ਵਾਲੀ ਅਤੇ ਬੜੀਆਂ ਅੱਖਾਂ ਵਾਲੀ! ਸੁਖਪੁਰਵਕ ਭਵਨ ਵਿੱਚ ਬੈਠੀ ਹੋਈ, ਜੋ ਪਹਿਲਾਂ ਮੈਂ ਇੰਦਰ ਆਖੇ ਹਨ ਉਹਨਾਂ ਦੇ ਭਵਨ ਪਰਿਗ੍ਰਹਿ ਮੇਰੇ ਤੋਂ ਸੁਣੋ। ॥20॥

## ਭਵਨ ਪਤੀ ਇੰਦਰਾਂ ਦੀ ਭਵਨ ਸੰਖਿਆ:

ਉਹਨਾਂ ਚਮਰਿੰਦਰ, ਵੇਰੋਚਨ ਅਤੇ ਅਸੁਰਿੰਦਰ ਦੇ ਸ਼੍ਰੇਸ਼ਠ ਭਵਨਾ ਦੀ ਸੰਖਿਆ 64 ਲੱਖ ਹੈ ਅਤੇ ਇਹ ਚੰਗੇ ਵਿਸਥਾਰ ਵਿੱਚ ਫੈਲੇ ਹੋਏ ਹਨ। ॥21॥

ਉਹਨਾਂ ਭੂਤਾਨੰਦ, ਧਰਨ ਨਾਂ ਦੇ ਨਾਗਕੁਮਾਰ ਇੰਦਰਾਂ ਦੇ ਭਵਨਾਂ ਦੀ ਸੰਖਿਆ 85 ਲਾਖ ਹੈ ਅਤੇ ਇਹ ਚੰਗੇ ਵਿਸਥਾਰ ਵਿੱਚ ਫੈਲੇ ਹੋਏ ਹਨ। ॥22॥

ਹੇ ਸੁੰਦਰੀ! ਦੋ ਸੁਪ੍ਰਨ ਇੰਦਰ ਵੇਨੂਦੇਵ ਅਤੇ ਵੇਨੂਦਾਇਲ ਅਤੇ ਉਹਨਾਂ ਦੇ ਭਵਨਾਂ ਦੀ ਸੰਖਿਆ 72 ਲੱਖ ਹੈ। ॥23॥

ਉਹਨਾਂ ਬੇਲੰਮਬ ਅਤੇ ਪ੍ਰਭੰਜਨ ਨਾਂ ਦੇ ਦੋਵਾਂ ਵਾਯੂ ਕੁਮਾਰ ਇੰਦਰਾਂ ਦੇ ਸੁੰਦਰ ਭਵਨਾਂ ਦੀ ਸੰਖਿਆ 96 ਲੱਖ ਹੈ ਅਤੇ ਇਹ ਚੰਗੇ ਵਿਸਥਾਰ ਵਿੱਚ ਫੈਲੇ ਹੋਏ ਹਨ। ॥24॥

ਇਸ ਪ੍ਰਕਾਰ ਅਸੁਰਾਂ ਦੇ 64 ਲੱਖ, ਨਾਗ ਕੁਮਾਰਾਂ ਦੇ 84 ਲੱਖ, ਸੁਵਰਨ ਕੁਮਾਰਾਂ ਦੇ 72 ਲੱਖ, ਵਾਯੂ ਕੁਮਾਰਾਂ ਦੀ 96 ਲੱਖ, ਦੀਪ ਕੁਮਾਰ ਦੀਸ਼ਾ ਕੁਮਾਰ, ਉਦਧਿਕੁਮਾਰ, ਵਿਧੁਤ ਕੁਮਾਰ, ਸਤਾਨਿਤ ਕੁਮਾਰ ਅਤੇ ਅਗਣੀ ਕੁਮਾਰ ਇਹਨਾਂ ਛੇ ਜੋੜਿਆਂ ਦੇ- ਹਰ ਇੱਕ ਦੇ 76 - 76 ਲੱਖ ਭਵਨ ਹਨ। ਹੇ ਸੁੰਦਰੀ! ਹੁਣ ਇਹਨਾਂ ਭਵਨਾ ਦੀ ਸਥਿਤੀ ਵਿਸ਼ੇਸ ਮੇਰੇ ਤੋਂ ਸਿਲਸਿਲੇਵਾਰ ਸੁਣ। ॥25-27॥

## ਭਵਨ ਪਤੀ ਇੰਦਰਾਂ ਦੀ ਸਥਿਤੀ ਤੇ ਉਮਰ:

ਹੇ ਸੁੰਦਰੀ! ਚਮਰਿੰਦਰ ਦੀ ਵੱਧ ਤੋਂ ਵੱਧ ਉਮਰ 1 ਸਾਗਰੋਪਮ ਆਖੀ ਗਈ ਹੈ। ਇਹੋ ਉਮਰ ਬਲੀ ਅਤੇ ਵੈਰੋਚਨ ਇੰਦਰਾਂ ਦੀ ਵੀ ਸਮਝ ਲੈਣੀ ਚਾਹਿਦੀ ਹੈ। ॥28॥

ਚਮਰਿੰਦਰ ਨੂੰ ਛੱਡ ਕੇ, ਬਾਕੀ ਜੋ ਦੱਖਣ ਦਿਸ਼ਾ ਦੇ ਇੰਦਰ ਆਖੇ ਗਏ ਹਨ ਉਹਨਾਂ ਦੀ ਵੱਧ ਤੋਂ ਵੱਧ ਉਮਰ 1 ½ ਪਲਯੋਪਮ ਹੈ। ॥29॥

ਬਲੀ ਨੂੰ ਛੱਡ ਕੇ ਜੋ ਉਤਰ ਦਿਸ਼ਾ ਦੇ ਇੰਦਰ ਆਖੇ ਗਏ ਹਨ ਉਹਨਾਂ ਦੀ ਉਮਰ 2 ਪਲਯੋਪਮ ਤੋਂ ਕੁੱਝ ਘੱਟ ਹੈ। ॥30॥

ਇਹ ਸਾਰੀ ਉਮਰ ਸਥਿਤੀ ਦਾ ਵਰਨਣ ਹੈ ਹੁਣ ਤੂੰ ਉੱਤਮ ਭਵਨ ਵਾਸੀ ਦੇਵਤਿਆਂ ਦੇ ਸੁੰਦਰ ਨਗਰਾਂ ਦੀ ਮਹਿਮਾਂ ਮੇਰੇ ਤੋਂ ਸੁਣ। ॥31॥

## ਭਵਨ ਪਤੀ ਇੰਦਰਾਂ ਦੇ ਸਥਾਨ, ਭਵਨ ਅਤੇ ਸ਼ਕਲ:

ਸਾਰੀ ਰਤਨ ਪ੍ਰਭਾ ਪ੍ਰਿਥਵੀ 11000 ਯੋਜਨ ਹੈ ਉਸ ਵਿੱਚੋਂ 1000 ਯੋਜਨ ਤੋਂ ਬਾਅਦ ਭਵਨ ਪਤੀਆਂ ਦੇ ਨਗਰ ਵਸੇ ਹਨ। ॥32॥

ਇਹ ਸਾਰੇ ਭਵਨ ਅੰਦਰੋਂ ਚਕੋਰ, ਬਾਹਰ ਤੋਂ ਗੋਲਾਕਾਰ ਕੁਦਰਤੀ ਸੁੰਦਰਤਾਂ ਨਾਲ ਭਰਪੂਰ, ਰਮਨੀਕ, ਨਿਰਮਲ ਅਤੇ ਵਜਰ ਰਤਨਾਂ ਦੇ ਬਣੇ ਹੋਏ ਹਨ। ॥33॥

ਭਵਨ ਵਾਸੀਆਂ ਦੇ ਭਵਨਾਂ ਦੇ ਅੰਦਰ ਸਫਟਿਕ ਮਨੀਆਂ ਜੜੀਆਂ ਹੋਇਆਂ ਹਨ ਅਤੇ ਇਹਨਾਂ ਭਵਨ ਨਗਰ ਸੋਨੇ ਦੇ ਬਣੇ ਹੋਏ ਹਨ। ॥34॥

ਸੁੰਦਰ ਕਮਲਾਂ ਦੀਆਂ ਪੰਖੜਿਆਂ ਦੇ ਵਿੱਚ ਸਥਿਤ ਇਹ ਭਵਨ ਭਿੰਨ ਭਿੰਨ ਮਨੀਆਂ ਨਾਲ ਸੁਭਾਏਮਾਨ ਅਤੇ ਮਨੋਹਾਰੀ ਲੱਗਦੇ ਹਨ। ॥35॥

ਲੰਬੇ ਸਮੇਂ ਤੱਕ ਨਾ ਮੁਰਝਾਉਣ ਵਾਲੀ ਫੁੱਲ ਮਾਲਾਵਾਂ ਅਤੇ ਚੰਦਨ ਦੇ ਬਣੇ ਹੋਏ ਦਰਵਜੀਆਂ ਦੇ ਨਾਲ ਉਹਨਾਂ ਨਗਰਾਂ ਦੇ ਉਪਰੀ ਹਿੱਸੇ ਤੇ ਝੰਡੀਆਂ ਦੀ ਇੱਕ ਮਾਲਾ ਹੈ ਜਿਸ ਕਾਰਨ ਇਹ ਨਗਰ ਬਹੁਤ ਰਮਨੀਕ ਹਨ। ॥36॥

ਉਹ ਸ਼੍ਰੇਸ਼ਟ ਦਰਵਜੇ ਅੱਠ ਆਯੋਜਨ ਉੱਚੇ ਹਨ। ਉਹਨਾਂ ਦੇ ਉੱਪਰੀ ਭਾਗ ਲਾਲ ਕਲਸ਼ਾਂ ਨਾਲ ਸਜੇ ਹਨ ਅਤੇ ਉਹਨਾਂ ਤੇ ਸੋਨੇ ਦੇ ਘੰਟੇ ਬੰਨ੍ਹੇ ਹੋਏ ਹਨ। ॥37॥

ਜਿਹਨਾਂ ਭਵਨਾਂ ਵਿੱਚ ਭਵਨ ਪਤੀ ਦੇਵ ਰਹਿੰਦੇ ਹੋਏ ਨੋਜਵਾਨ ਕੁੜੀਆਂ ਦੇ ਗੀਤ ਅਤੇ ਬਾਜੀਆਂ ਦੀ ਆਵਾਜ ਕਾਰਨ ਹਮੇਸ਼ਾਂ ਸੁੱਖ ਨਾਲ ਰਹਿੰਦੇ ਹੋਏ ਖੁਸ਼ੀ ਮਹਿਸੂਸ ਕਰਦੇ ਹਨ ਅਤੇ ਉਹ ਇਹ ਨਹੀਂ ਜਾਣਦੇ ਕਿ ਸਮਾਂ ਕਿੰਨ੍ਹਾ ਬੀਤ ਚੁਕਾ ਹੈ। ॥38॥

## ਦੱਖਣ - ਉੱਤਰ ਭਵਨ ਪਤੀ ਇੰਦਰਾਂ ਦੀ ਸੰਖਿਆ:

ਚਮਰਿੰਦਰ, ਧਰਣਿੰਦਰ, ਵੇਨੂਦੇਵ, ਪੂਰਨ, ਜਲਕਾਂਤ, ਅਮਿਤਗਤੀ, ਵੇਲੰਬ, ਘੋਸ਼, ਹਰੀ ਅਤੇ ਅਗਣੀਸ਼ਿਖ ਇਹ ਭਵਨ ਪਤੀ ਇੰਦਰਾਂ ਦੇ ਭਵਨ ਹਨ। ॥39॥

ਇਹਨਾਂ ਭਵਨ ਪਤੀ ਇੰਦਰਾਂ ਦੇ ਮਨੀ ਰਤਨਾਂ ਨਾਲ ਜੜੇ ਸੋਨੇ ਦੇ ਖੰਬੇ ਅਤੇ ਰਮਨੀਕ ਲਤਾ ਮੰਡਪ ਵਾਲੇ ਭਵਨ ਦੱਖਣ ਦਿਸ਼ਾ ਵੱਲ ਹੁੰਦੇ ਹਨ। ਉੱਤਰ ਦਿਸ਼ਾ ਅਤੇ ਉਸ ਦੇ ਆਲੇਦੁਆਲੇ ਬਾਕੀ ਇੰਦਰਾਂ ਦੇ ਭਵਨ ਹੁੰਦੇ ਹਨ। ॥40॥

ਦੱਖਣ ਦਿਸ਼ਾ ਦੇ ਅਸੁਰਕੁਮਾਰਾਂ ਦੇ 34 ਲੱਖ ਨਾਗਕੁਮਾਰਾਂ ਦੇ 44 ਲੱਖ ਵਰਨ ਕੁਮਾਰਾਂ ਦੇ 48 ਲੱਖ ਅਤੇ ਦੀਪ ਉਦਧਿ, ਵਿਧੁਤ ਅਗਣੀ ਕੁਮਾਰਾਂ ਦੇ 40 ਲੱਖ ਅਤੇ ਵਾਯੂ ਕੁਮਾਰਾਂ ਦੇ 50 ਲੱਖ ਭਵਨ ਹੁੰਦੇ ਹਨ। ॥41॥

ਉੱਤਰ ਦਿਸ਼ਾ ਵੱਲ ਅਸੁਰ ਕੁਮਾਰਾਂ ਦੇ 30 ਲੱਖ ਨਾਗ ਕੁਮਾਰਾਂ ਦੇ 40 ਲੱਖ ਵਰਨ ਕੁਮਾਰਾਂ ਦੇ 34 ਲੱਖ, ਵਾਯੂ ਕੁਮਾਰਾਂ ਦੇ 46 ਲੱਖ ਅਤੇ ਦੀਪ, ਉਦਧਿ, ਵਿਧੁਤ, ਸਤਨਿਤ ਅਤੇ ਅਗਣੀ ਕੁਮਾਰਾਂ ਦੇ 36 ਲੱਖ ਭਵਨ ਹੁੰਦੇ ਹਨ। ॥42॥

ਸਾਰੇ ਭਵਨ ਪਤੀਆਂ ਅਤੇ ਵਿਮਾਨਕ ਇੰਦਰਾਂ ਦੀਆਂ ਤਿੰਨ ਪਰਿਸ਼ਦਾਂ ਹੁੰਦੀਆਂ ਹਨ ਇਹਨਾਂ ਸਾਰੀਆਂ ਦੇ ਤ੍ਰਾਯਸਿਤ੍ਰਸ਼ਕ, ਲੋਕਪਾਲ ਅਤੇ ਸਮਾਨਿਕ ਦੇਵ ਹੁੰਦੇ ਹਨ। ਸਮਾਨਿਕ ਦੇਵਾਂ ਤੋਂ ਚਾਰ ਗੁਣਾਂ ਅੰਗ ਰਖਿਅਕ ਦੇਵ ਹੁੰਦੇ ਹਨ। ॥43॥

ਦੱਖਣ ਦਿਸ਼ਾ ਦੇ ਭਵਨ ਪਤੀ ਦੇ 64 ਹਜ਼ਾਰ ਉਤਰ ਦਿਸ਼ਾ ਦੇ ਭਵਨ ਪਤੀਆਂ ਦੇ 60 ਹਜ਼ਾਰ, ਵਾਨਵਿਯੰਤਰ ਦੇ 6 ਹਜ਼ਾਰ ਅਤੇ ਜਯੋਤਸ਼ੀ ਇੰਦਰਾਂ ਦੇ 4 ਹਜਾਰ ਵਿਮਾਨਿਕ ਦੇਵ ਆਖੇ ਗਏ ਹਨ। ॥44॥

ਇਸ ਪ੍ਰਕਾਰ ਚਮਰਿੰਦਰ ਅਤੇ ਮਨੀ ਦੀਆਂ 5 ਪਟ ਰਾਣੀਆਂ ਜਾਣਨੀਆਂ ਚਾਹਿਦੀਆਂ ਹਨ ਬਾਕੀ ਭਵਨ ਪਤੀਆਂ ਦੀਆਂ 6 ਪਟ ਰਾਣੀਆਂ ਹੁੰਦੀਆ ਹਨ। ॥45॥

## ਭਵਨ ਪਤੀ ਇੰਦਰਾਂ ਦੇ ਨਿਵਾਸ਼:

ਇਸ ਪ੍ਰਕਾਰ ਜੰਬੂ ਦੀਪ ਵਿੱਚ ਦੋ, ਮਨੁਸੋਤਰ ਪਰਵਤ ਤੇ ਚਾਰ, ਅਰੁਣ ਸਮੁੰਦਰ ਵਿੱਚ ਛੇ, ਤੇ ਅਰੁਣ ਦੀਪ ਵਿੱਚ ਅੱਠ ਭਵਨ ਪਤੀ ਇੰਦਰਾਂ ਦੇ ਨਿਵਾਸ਼ ਹਨ। ॥46॥

ਜਿਸ ਨਾਂ ਦੇ ਸਮੁੰਦਰ ਜਾਂ ਦੀਪ ਵਿੱਚ ਜਿਹਨਾਂ ਦਾ ਨਿਵਾਸ ਹੁੰਦਾ ਹੈ ਉਸੇ ਨਾਂ ਦੇ ਦੀਪ ਜਾਂ ਸਮੁੰਦਰ ਵਿੱਚ ਉਹਨਾਂ ਦੀ ਉਤਪਤੀ ਹੁੰਦੀ ਹੈ। ॥47॥

ਅਸੁਰ, ਨਾਗ, ਉਦਧਿ ਕੁਮਾਰ ਦੇ ਨਿਵਾਸ਼ ਸ਼੍ਰੇਸ਼ਠ ਅਰੁਣ ਸਮੁੰਦਰ ਵਿੱਚ ਹੁੰਦੇ ਹਨ ਅਤੇ ਉਹਨਾਂ ਵਿੱਚ ਹੀ ਉਹਨਾਂ ਦੀ ਉਤਪਤੀ ਹੁੰਦੀ ਹੈ। ॥48॥

ਦੀਪ ਕੁਮਾਰਾਂ, ਦਿਸ਼ਾ ਕੁਮਾਰਾਂ, ਅਗਣੀ ਕੁਮਾਰਾਂ ਅਤੇ ਸਤਨਿਤ ਕੁਮਾਰਾਂ ਦੇ ਨਿਵਾਸ ਅਰੁਣਵਰ ਦੀਪ ਵਿੱਚ ਹੁੰਦੇ ਹਨ ਅਤੇ ਉਹਨਾਂ ਦੀ ਉਤਪਤੀ ਵੀ ਉੱਥੇ ਹੀ ਹੁੰਦੀ ਹੈ। ॥49॥

ਵਾਯੂ ਕੁਮਾਰ ਅਤੇ ਸੁਵਰਨਕੁਮਾਰ ਇੰਦਰਾਂ ਦੇ ਨਿਵਾਸ਼ ਮਨੁਸੋਤਰ ਪਰਵਤ ਤੇ ਹੁੰਦੇ ਹਨ, ਹਰੀ ਅਤੇ ਹਰੀਸੱਹ ਦੇਵਤਿਆਂ ਦੇ ਨਿਵਾਸ ਵਿਧੂਤ ਪਰਵਤ ਅਤੇ ਮਾਲਯ ਪਰਵਤ ਤੇ ਹੁੰਦੇ ਹਨ। ॥50॥

ਹੇ ਸੁੰਦਰੀ! ਇਹਨਾਂ ਭਵਨ ਪਤੀ ਦੇਵਾਂ ਵਿੱਚ ਜਿਸ ਦਾ ਜੋ ਬਲ-ਵੀਰਜ ਪ੍ਰਾਕਰਮ ਹੈ ਮੈਂ ਉਸ ਬਾਰੇ ਦੱਸਦਾ ਹਾਂ। ॥51॥

ਅਸੁਰ ਤੇ ਅਸੁਰ ਕੰਨਿਆਂ ਰਾਹੀਂ ਜੋ ਮਾਲਕੀ ਦੇ ਵਿਸ਼ੇ ਹਨ ਉਸ ਦਾ ਖੇਤਰ ਜੰਬੂ ਦੀਪ ਅਤੇ ਚਮਰਚੰਚਾ ਰਾਜਧਾਨੀ ਤੱਕ ਹੈ। ॥52॥

ਅਸੁਰ ਅਤੇ ਕੰਨਿਆਂ ਰਾਹੀਂ ਜੋ ਮਾਲਕੀ ਦੇ ਵਿਸ਼ੇ ਹਨ ਉਹ ਹੀ ਮਾਲਕੀ ਬਲੀ ਅਤੇ ਬੇਰੂਚਨ ਦੇ ਲਈ ਸਮਝਣੀ ਚਾਹਿਦੀ ਹੈ। ॥53॥

ਧਰਨ ਅਤੇ ਨਾਗਰਾਜ ਜੰਬੂ ਦੀਪ ਨੂੰ ਫਨ ਰਾਹੀਂ ਢੱਕ ਸਕਦੇ ਹਨ। ਉਸ ਦੀ ਤਰ੍ਹਾਂ ਹੀ ਭੂਤਾਨੰਦ ਬਾਰੇ ਵੀ ਜਾਣਨਾ ਚਾਹਿਦਾ ਹੈ। ॥54॥

ਗਰੂਡ ਇੰਦਰ ਅਤੇ ਵੇਨੂ ਦੇਵ ਪੰਖ ਰਾਹੀਂ ਜੰਬੂ ਦੀਪ ਨੂੰ ਢੱਕ ਸਕਦੇ ਹਨ ਉਸ ਦੀ ਤਰ੍ਹਾਂ ਹੀ ਵੇਨੂਦਾਲਿ ਨੂੰ ਸਮਝਣਾ ਚਾਹਿਦਾ ਹੈ। ॥55॥

ਪੂਰਨ ਵੀ ਇਹ ਹਥੇਲੀ ਨੂੰ ਢੱਕ ਸਕਦਾ ਹੈ। ਉਸ ਦੇ ਸਮਾਨ ਹੀ ਵਸ਼ਿਸਟ ਨੂੰ ਜਾਣਨਾ ਚਾਹਿਦਾ ਹੈ। ॥56॥

ਜਲਕਾਂਤ ਅਤੇ ਜਲਤਰੰਗ ਜੰਬੂ ਦੀਪ ਨੂੰ ਭਰ ਸਕਦੇ ਹਨ। ਉਸ ਦੇ ਸਮਾਨ ਹੀ ਜਲਪ੍ਰਭ ਨੂੰ ਵੀ ਜਾਣਨਾ ਚਾਹਿਦਾ ਹੈ। ॥57॥

ਅਮਿਤ ਗਤੀ ਸਾਰੇ ਜੰਬੂ ਦੀਪ ਅਪਣੇ ਪੈਰ ਦੀ ਅੱਡੀ ਨਾਲ ਕੰਬਾ ਸਕਦਾ ਹੈ। ਉਸ ਦੀ ਤਰ੍ਹਾਂ ਹੀ ਅਮਿਤਵਾਹਨ ਨੂੰ ਜਾਣਨਾ ਚਾਹਿਦਾ ਹੈ। ॥58॥

ਬੇਲੰਬ ਵੀ ਇੱਕ ਹਵਾ ਗੁੰਜਾ ਕੇ ਸਾਰੇ ਜੰਬੂ ਦੀਪ ਨੂੰ ਭਰ ਸਕਦਾ ਹੈ ਉਸ ਦੇ ਸਮਾਨ ਹੀ ਪ੍ਰਭੰਜਨ ਨੂੰ ਵੀ ਜਾਣਨਾ ਚਾਹਿਦਾ ਹੈ। ॥59॥

ਹੇ ਸੁੰਦਰੀ! ਘੋਸ਼ ਇੱਕ ਬਦਲ ਦੀ ਗਰਜ ਨਾਲ ਸਾਰੇ ਜੰਬੂ ਦੀਪ ਨੂੰ ਬੋਲਾ ਕਰ ਸਕਦਾ ਹੈ। ਇਹੋ ਸ਼ਕਤੀ ਮਹਾਂ ਘੋਸ ਬਾਰੇ ਜਾਣਨੀ ਚਾਹਿਦੀ ਹੈ। ॥60॥

ਹਰੀ ਇੱਕ ਵਿਧੂਤ (ਪ੍ਰਕਾਸ਼) ਰਾਹੀਂ ਜੰਬੂ ਦੀਪ ਨੂੰ ਪ੍ਰਕਾਸ਼ਤ ਕਰ ਸਕਦਾ ਹੈ। ਇਹੋ ਸ਼ਕਤੀ ਹਰੀਸੱਹ ਬਾਰੇ ਵੀ ਜਾਣਨਾ ਚਾਹਿਦੀ ਹੈ। ॥61॥

ਅਗਣੀਸ਼ਿਖ ਇੱਕ ਅੱਗ ਦੀ ਜਵਾਲਾ ਰਾਹੀਂ ਜੰਬੂ ਦੀਪ ਨੂੰ ਜਲਾ ਸਕਦਾ ਹੈ। ਉਸ ਦੇ ਸਮਾਨ ਹੀ ਮਾਨਵਕ ਨੂੰ ਸ਼ਕਤੀਵਾਨ ਜਾਣਨਾ ਚਾਹਿਦਾ ਹੈ। ॥62॥

ਹੇ ਸੁੰਦਰੀ! ਤਰਿਯੰਕ ਲੋਕ ਵਿੱਚ ਅਸੰਖਿਆਤ ਦੀਪ ਅਤੇ ਸਮੁੰਦਰ ਹਨ। ਇਹਨਾਂ ਵਿੱਚ ਕੋਈ ਵੀ ਇੱਕ ਇੰਦਰ ਅਪਣੇ ਰੂਪਾਂ ਰਾਹੀਂ ਇਹਨਾਂ ਦੀਪਾਂ ਅਤੇ ਸਮੁੰਦਰ ਵਿੱਚ ਫੈਲ ਸਕਦਾ ਹੈ। ॥63॥

ਕੋਈ ਵੀ ਇੰਦਰ ਜੰਬੂ ਦੀਪ ਨੂੰ ਖੱਬੇ ਹੱਥ ਨਾਲ ਛੱਤਰ ਦੀ ਤਰ੍ਹਾਂ ਧਾਰਨ ਕਰ ਸਕਦਾ ਹੈ ਅਤੇ ਇਸੀ ਪ੍ਰਕਾਰ ਮੰਦਰਾਚੱਲ ਪਰਵਤ ਨੂੰ ਵੀ ਬਿਨ੍ਹਾ ਮਿਹਨਤ ਕੀਤੇ ਗ੍ਰਹਿਣ ਕਰਨ ਦੇ ਸਮਰਥ ਹੈ। ॥64॥

ਕੋਈ ਵੀ ਸ਼ਕਤੀਸ਼ਾਲੀ ਇੰਦਰ ਜੰਬੂ ਦੀਪ ਦੀ ਛੱਤਰੀ ਕਰਕੇ ਅਤੇ ਮੰਦਾਰ ਪਰਵਤ ਨੂੰ ਉਸ ਛੱਤਰੀ ਦਾ ਡੰਡਾ ਬਣਾ ਸਕਦਾ ਹੈ। ਇਹ ਇਹਨਾਂ ਇੰਦਰਾਂ ਦੀ ਵਿਸ਼ੇਸ ਸ਼ਕਤੀ ਹੈ। ॥65॥

ਸੰਖੇਪ ਵਿੱਚ ਭਵਨ ਪਤੀ ਇੰਦਰਾਂ ਦੇ ਭਵਨਾਂ ਦੀ ਸਥਿਤੀ ਆਖੀ ਗਈ ਹੈ ਹੁਣ ਵਾਨਵਿੰਤਰ ਦੇਵਤਿਆਂ ਦੇ ਭਵਨਾਂ ਦੀ ਸਥਿਤੀ ਸੁਣੋ। ॥66॥

## ਵਾਨਵਿੰਤਰ ਦੇਵਤਿਆਂ ਦੇ ਅੱਠ ਭੇਦ ਹਨ:

ਪਿਸ਼ਾਚ, ਭੂਤ, ਯਕਸ਼, ਰਾਖਸ਼ਸ, ਕਿਨੰਰ, ਕਿੰਪੁਰਸ਼, ਮਹੋਰਗ-ਗੰਧਰਵ ਅਤੇ ਵਾਨਵਿੰਤਰ ਦੇਵਤਿਆਂ ਦੇ ਅੱਠ ਭੇਦ ਹਨ। ॥67॥

ਇਹ ਵਾਨਵਿੰਤਰ ਦੇਵ ਮੇਰੇ ਰਾਹੀਂ ਸੰਖੇਪ ਵਿੱਚ ਆਖੇ ਗਏ ਹਨ। ਹੁਣ ਇੱਕ ਇੱਕ ਕਰਕੇ ਇਹਨਾਂ ਦੇ 16 ਇੰਦਰਾਂ ਅਤੇ ਉਹਨਾਂ ਦੀ ਰਿੱਧੀ ਆਖਾਂਗਾ। ॥68॥

1. ਕਾਲ, 2. ਮਹਾਂ ਕਾਲ, 3. ਸੂਰੂਪ, 4. ਪ੍ਰਤਿਰੂਪ, 5. ਪੂਰਨਭੱਦਰ, 6. ਮਨੀਭੱਦਰ, 7. ਭੀਮ, 8. ਮਹਾਂਭੀਮ, 9. ਕਿਨੰਰ, 10. ਕੀਂਪੁਰਸ਼, 11. ਸਤਪੁਰਸ਼, 12. ਮਹਾਂਪੁਰਸ਼, 13. ਅਤਿਕਾਯ, 14. ਮਹਾਂਕਾਯ, 15. ਗੀਤਰਤਿ, 16. ਗੀਤਯਸ, ਇਹ ਵਾਨਵਿੰਤਰ ਇੰਦਰ ਆਖੇ ਗਏ ਹਨ। ॥69-70॥

## ਵਾਨਵਿੰਤਰ ਦੇਵਤਿਆਂ ਦੇ ਅੱਠ ਅੰਤਰ ਭੇਦ:

1. ਸੰਨੀਹਿਤ, 2/1. ਸਾਮਾਨ, 3. ਧਾਤਾ 4/2. ਵਿਧਾਤਾ, 5. ਰਿਸ਼ਿ 6/3. ਰਿਸ਼ਿਪਾਲ, 7. ਈਸ਼ਵਰ, 8/4. ਮਹੇਸ਼ਵਰ, 9. ਸੂਵਤਸ, 10/5. ਵਿਸ਼ਾਲ, 11. ਹਾਸ, 12/6. ਹਾਸਰਤਿ, 13. ਸਵੇਤ, 14/7. ਮਹਾਂਸਵੇਤ, 15. ਪਤੰਗ, 16/8. ਪਤੰਗਪਤੀ (ਇਹ ਅੱਠ ਵਾਨਵਿੰਤਰ ਦੇਵਤਿਆਂ ਦੇ ਭੇਦ ਹਨ ਅਤੇ ਕ੍ਰਮਵਾਰ ਹਰ ਇੱਕ ਦੇ ਦੋ ਦੋ ਇੰਦਰ ਸਮਝਣੇ ਚਾਹਿਦੇ ਹਨ)। ॥71-72॥

### ਵਯੰਤਰ ਅਤੇ ਵਾਨਵਿੰਤਰ ਦੇ ਭਵਨ, ਸਥਾਨ ਅਤੇ ਉਹਨਾਂ ਦੀ ਸਥਿਤੀ:

ਵਯੰਤਰ ਦੇਵ ਉੱਪਰ, ਹੇਠਾਂ ਅਤੇ ਤਿਰਯੰਕ ਲੋਕ ਵਿੱਚ ਪੈਦਾ ਹੁੰਦੇ ਹਨ ਅਤੇ ਨਿਵਾਸ ਕਰਦੇ ਹਨ। ਇਹਨਾਂ ਦੇ ਭਵਨ ਰਤਨ ਪ੍ਰਭਾ ਪ੍ਰਿਥਵੀ ਦੇ ਉੱਪਰੀ ਭਾਗ ਵਿੱਚ ਹਨ। ॥73॥

ਇੱਕ ਇੱਕ ਜੋੜੇ ਦੇ ਨਿਯਮ ਪੱਖੋਂ ਅਸੰਖਿਅਤ ਭਵਨ ਹਨ। ਇਹ ਸੰਖਿਆਤ ਭਵਨ ਯੋਜਨ ਵਿਸਤਾਰ ਵਾਲੇ ਹਨ। ਉਹਨਾਂ ਦੇ ਭੇਦ ਆਖਦਾ ਹਾਂ। ॥74॥

ਉਹ ਜਿਆਦਾ ਤੋਂ ਜਿਆਦਾ ਆਕਾਰ ਦੇ ਭਵਨ ਜੰਬੂ ਦੀਪ ਦੀ ਤਰ੍ਹਾਂ, ਛੋਟੇ ਆਕਾਰ ਦੇ ਭਵਨ ਭਰਤ ਖੇਤਰ ਦੀ ਤਰ੍ਹਾਂ ਅਤੇ ਦਰਮਿਆਨੇ ਆਕਾਰ ਦੇ ਸ਼੍ਰੇਸ਼ਠ ਭਵਨ ਵਿਦੇਹ ਖੇਤਰ ਦੀ ਤਰ੍ਹਾਂ ਹੁੰਦੇ ਹਨ। ॥75॥

ਇਹਨਾਂ ਭਵਨਾ ਵਿੱਚ ਵਯੰਤਰ ਦੇਵ ਸ਼੍ਰੇਸ਼ਠ ਨਵਯੁਵਤੀਆਂ ਦੇ ਗੀਤ ਅਤੇ ਬਾਜਿਆਂ ਦੀ ਆਵਾਜ ਦੇ ਕਾਰਨ ਹਮੇਸ਼ਾ ਸੁਖ ਅਤੇ ਖੁਸ਼ ਰਹਿੰਦੇ ਹੋਏ ਜੀਵਨ ਗੁਜਾਰਦੇ ਹਨ। ਉਹਨਾਂ ਨੂੰ ਖੁਸ਼ੀ ਕਾਰਨ ਸਮੇਂ ਦਾ ਵੀ ਗਿਆਨ ਨਹੀਂ ਰਹਿੰਦਾ। ॥76॥

ਉਸੇ ਪ੍ਰਕਾਰ ਕਾਲ, ਸੁਰੂਪ, ਪੂਰਨ, ਭੀਮ, ਕਿਨੰਰ, ਸਤਪੁਰਸ਼, ਅਤਿਕਾਯ, ਗੀਤਰਤਿ, ਇਹ ਅੱਠ ਇੰਦਰ ਦੱਖਣ ਦਿਸ਼ਾ ਵੱਲ ਹੁੰਦੇ ਹਨ। ॥77॥

ਮਨੀ, ਸੋਨਾ ਅਤੇ ਰਤਨਾਂ ਦੇ ਖੰਬੇ ਅਤੇ ਸੋਨੇ ਦੀ ਬੇਦੀ ਨਾਲ ਭਰਪੂਰ ਇਹਨਾਂ ਦੇ ਭਵਨ ਦੱਖਣ ਦਿਸ਼ਾ ਵੱਲ ਹੁੰਦੇ ਹਨ। ਬਾਕੀ ਵਯੰਤਰ ਇੰਦਰਾਂ ਦੇ ਭਵਨ ਉੱਤਰ ਦਿਸ਼ਾ ਵੱਲ ਹੁੰਦੇ ਹਨ। ॥78॥

ਵਯੰਤਰ ਦੇਵਾਂ ਦੀ ਘੱਟ ਤੋਂ ਘੱਟ ਉੱਮਰ 10 ਹਜ਼ਾਰ ਸਾਲ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਉੱਮਰ ਇੱਕ ਪਲਯੋਪਮ ਹੈ। ॥79॥

ਇਸ ਪ੍ਰਕਾਰ ਵਯੰਤਰ ਦੇਵਾਂ ਦੇ ਭਵਨ ਅਤੇ ਉੱਮਰ ਸੰਖੇਪ ਰੂਪ ਵਿੱਚ ਆਖੀ ਗਈ ਹੈ। ਹੁਣ ਜਯੋਤਿਸ਼ ਦੇਵਤਿਆਂ ਦੇ ਨਿਵਾਸ ਦਾ ਵਰਨਣ ਸੁਣੋ। ॥80॥

## ਪੰਜ ਪ੍ਰਕਾਰ ਦੇ ਜਯੋਤਿਸ਼ ਦੇਵ:

ਚੰਦਰਮਾ, ਸੂਰਜ, ਤਾਰੇ, ਨਛੱਤਰ ਅਤੇ ਗ੍ਰਹਿ ਸਮੂਹ ਇਹ ਸਭ ਪੰਜ ਪ੍ਰਕਾਰ ਦੇ ਜਯੋਤਿਸ਼ ਦੇਵ ਆਖੇ ਗਏ ਹਨ। ਹੁਣ ਉਹਨਾਂ ਦੀ ਸਥਿਤੀ ਤੇ ਗਤੀ ਆਖੀ ਜਾਵੇਗੀ। ॥81॥

ਜਯੋਤਿਸ਼ੀ ਦੇਵਾਂ ਦੇ ਸਥਾਨ, ਵਿਮਾਨ ਸੰਖਿਆ, ਵਿਮਾਨਾਂ ਦੀ ਲੰਬਾਈ, ਮੋਟਾਈ, ਘੇਰਾ, ਵਿਮਾਨ ਚਲਾਉਣ ਅਤੇ ਕਿੰਕਰ ਦੇਵ)

ਤ੍ਰਿਯੰਕ ਲੋਕ ਵਿੱਚ ਜਯੋਤਿਸ਼ੀਆਂ ਦੇ ਅਰਧਕਪਿਥ ਫਲ ਦੇ ਆਕਾਰ ਵਾਲੇ ਚਮਕਦੇ ਰਤਨ ਜੜੇ ਹੋਏ, ਰਮਨੀਕ ਅਸੰਖਿਆ ਵਿਮਾਨ ਹਨ। ॥82॥

ਰਤਨ ਪ੍ਰਭਾ ਪ੍ਰਿਥਵੀ ਦੇ ਸਮ ਭੂ ਭਾਗ ਤੋਂ 790 ਯੋਜਨ ਉਚਾਈ ਤੱਕ ਦਾ ਨਿਮਨ ਤਲ ਹੁੰਦਾ ਹੈ। ਫਿਰ ਉਸ ਸਮ ਭੂ ਭਾਗ ਤੋਂ ਸੂਰਜ 800 ਯੋਜਨ ਉੱਪਰ ਹੈ। ॥83॥

ਉਸੇ ਪ੍ਰਕਾਰ ਉਸ ਸਮ ਭੂਭਾਗ ਤੋਂ 880 ਯੋਜਨ ਤੋਂ ਉੱਪਰੀ ਤਲ ਤੇ ਚੰਦਰਮਾਂ ਹੁੰਦਾ ਹੈ। ਇਸ ਪ੍ਰਕਾਰ ਜਯੋਤਿਸ਼ ਦੇਵਾਂ ਦੀ ਉੱਚਾਈ ਪੱਖੋਂ ਵਿਸਥਾਰ ਖੇਤਰ 110 ਯੋਜਨ ਹੁੰਦਾ ਹੈ। ॥84॥

ਇੱਕ ਯੋਜਨ ਦਾ 61ਵੇਂ ਭਾਗ ਕਰਕੇ ਉਸ 61ਵੇਂ ਭਾਗ ਦੇ 56ਵੇਂ ਭਾਗ ਜਿਨਾਂ ਚੰਦਰ ਪਰਿਮੰਡਲ ਹੈ ਅਤੇ ਸੂਰਜ ਦਾ ਆਕਾਰ 48ਵੇਂ ਭਾਗ ਜਿਨਾਂ ਹੈ। ॥85॥

ਜਿਸ ਵਿੱਚ ਜਯੋਤਿਸ਼ੀ ਦੇਵ ਸੁੰਦਰ ਇਸਤਰੀਆਂ ਦੇ ਗੀਤ ਅਤੇ ਬਾਜਿਆਂ ਦਿ ਆਂਵਾਜ ਦੇ ਕਾਰਨ ਹਮੇਸ਼ਾ ਸੁਖ ਭਰਪੂਰ ਅਤੇ ਖੁਸ਼ੀ ਭਰੀਆਂ ਜੀਵਨ ਬਤੀਤ ਕਰਦੇ ਹਨ ਅਤੇ ਇਹ ਵੀ ਨਹੀਂ ਜਾਣਦੇ ਕੀ ਕਿੰਨਾ ਸਮਾਂ ਬੀਤ ਗਿਆ ਹੈ। ॥86॥

ਇੱਕ ਯੋਜਨ ਦੇ 61ਵੇਂ ਭਾਗ ਵਿੱਚੋਂ 56ਵਾਂ ਭਾਗ ਵਿਸਥਾਰ ਵਾਲਾ ਚੰਦਰ ਮੰਡਲ ਹੁੰਦਾ ਹੈ ਅਤੇ 61ਵੇਂ ਭਾਗ ਵਿੱਚੋਂ 28ਵੇਂ ਭਾਗ ਜਿਨ੍ਹੀ ਉਸ ਦੀ ਮੋਟਾਈ ਜਾਣਨੀ ਚਾਹਿਦੀ ਹੈ। ॥87॥

ਇੱਕ ਯੋਜਨ ਦੇ 61ਵੇਂ ਭਾਗ ਦੇ ਵਿੱਚੋਂ 48ਵਾਂ ਭਾਗ ਵਿਸਥਾਰ ਵਾਲਾ ਸੂਰਜ ਮੰਡਲ ਹੁੰਦਾ ਹੈ ਅਤੇ 61ਵੇਂ ਭਾਗ ਵਿੱਚੋਂ 24ਵਾਂ ਭਾਗ ਜਿਨੀ ਉਸ ਦੀ ਮੋਟਾਈ ਜਾਣਨੀ ਚਾਹਿਦੀ ਹੈ। ॥88॥

ਗ੍ਰਹਿ ਅੱਧੇ ਯੋਜਨ ਆਕਾਰ ਵਾਲੇ ਹਨ। ਉਸ ਦੇ ਅੱਧੇ ਨਿਛੱਤਰਾਂ ਦਾ ਸਮੂਹ ਹੁੰਦੇ ਹਨ ਅਤੇ ਅੱਧੇ ਤਾਰੀਆਂ ਦੇ ਸਮੂਹ ਹੁੰਦੇ ਹਨ ਅਤੇ ਉਹਨਾਂ ਦਾ ਜੋ ਵਿਸਥਾਰ ਹੈ ਉਸ ਤੋਂ ਅੱਧੀ ਉਹਨਾਂ ਦੀ ਮੋਟਾਈ ਹੁੰਦੀ ਹੈ। ॥89॥

ਇੱਕ ਯੋਜਨ ਦਾ ਦੋ ਕੋਹ ਹੁੰਦਾ ਹੈ। ਉਸ ਵਿੱਚ 500 ਧਨੁਸ਼ ਹੁੰਦੇ ਹਨ, ਇਹ ਗ੍ਰਹਿ - ਨਛੱਤਰ ਸਮੂਹ ਅਤੇ ਤਾਰਾ ਵਿਮਾਨਾ ਦਾ ਵਿਸਥਾਰ ਹੈ। ॥90॥

ਜਿਸਦਾ ਜੋ ਵਿਸਥਾਰ ਹੈ ਉਸ ਦਾ ਅੱਧਾ ਹੀ ਵਾਹੱਲਿਆ ਹੁੰਦਾ ਹੈ ਓਥੇ ਉਸ ਤੋਂ ਤਿੰਨ ਗੁਣਾ ਜਿਆਦਾ ਘੇਰਾ ਹੁੰਦਾ ਹੈ। ॥91॥

ਜਯੋਤਿਸ਼ੀ ਦੇਵਾਂ ਦੇ ਚੰਦਰ, ਸੂਰਜ ਵਿਮਾਨਾਂ ਦੀ ਦੇਖ ਭਾਲ 16000 ਦੇਵਤੇ ਕਰਦੇ ਹਨ। ਗ੍ਰਹਿ ਵਿਮਾਨਾ ਦੀ ਦੇਖ ਭਾਲ 8000 ਦੇਵਤੇ ਕਰਦੇ ਹਨ। ਨਛੱਤਰ ਵਿਮਾਨਾ ਦੀ ਦੇਖ ਭਾਲ 4000 ਦੇਵਤੇ ਕਰਦੇ ਹਨ। ਤਾਰੇ ਸਮੂਹ ਵਿਮਾਨਾ ਦੀ ਦੇਖ ਭਾਲ 2000 ਦੇਵਤੇ ਕਰਦੇ ਹਨ। ॥92॥

ਇਹ ਵਿਮਾਨ ਚਲਾਉਣ ਵਾਲੇ ਦੇਵਤੇ ਪੂਰਵ ਵਿੱਚ ਸ਼ੇਰ, ਦੱਖਣ ਵੱਲ ਵਿਸ਼ਾਲ ਹਾਥੀ, ਪੱਛਮ ਦਿਸ਼ਾ ਵੱਲ ਬੈਲ ਅਤੇ ਉੱਤਰ ਦਿਸ਼ਾ ਵੱਲ ਘੋੜੇ ਦਾ ਆਕਾਰ ਗ੍ਰਹਿਣ ਕਰਕੇ ਵਿਮਾਨ ਨੂੰ ਚੁੱਕਦੇ ਹਨ। ॥93॥

## ਜਯੋਤਿਸ਼ੀਆਂ ਦੀ ਗਤੀ ਦਾ ਪ੍ਰਮਾਣ ਅਤੇ ਰਿਧੀ:

ਸੂਰਜ ਚੰਦਰਮਾਂ ਤੋਂ ਤੇਜ਼ ਚੱਲਣ ਵਾਲਾ ਹੈ, ਉਸੇ ਪ੍ਰਕਾਰ ਗ੍ਰਹਿ ਸੂਰਜ ਤੋਂ ਤੇਜ਼ ਚੱਲਣ ਵਾਲੇ ਹਨ, ਨਛੱਤਰ ਗ੍ਰਹਿਾਂ ਤੋਂ ਅਤੇ ਤਾਰੇ ਨੱਛਤਰਾਂ ਤੋਂ ਤੇਜ਼ ਚੱਲਦੇ ਹਨ। ॥94॥

ਚੰਦਰਮਾਂ ਸੱਭ ਤੋਂ ਘੱਟ ਗਤੀ ਵਾਲਾ ਹੈ ਅਤੇ ਤਾਰੇ ਸੱਭ ਤੋਂ ਤੇਜ਼ ਵਾਲੇ ਹਨ ਇਹ ਗਤੀ ਵਿਸ਼ੇਸ ਜਯੋਤਿਸ਼ੀ ਦੇਵਾ ਦੀ ਆਖੀ ਗਈ ਹੈ। ॥95॥

ਤਾਰੇ ਘੱਟ ਰਿਧੀ ਵਾਲੇ ਹਨ, ਨਿਸਚੈ ਹੀ ਉਹਨਾਂ ਤੋਂ ਵੱਧ ਰਿਧੀ ਵਾਲੇ ਨਛੱਤਰ ਹਨ, ਇਸੇ ਪ੍ਰਕਾਰ ਗ੍ਰਹਿ ਨਛੱਤਰਾਂ ਤੋਂ ਮਹਾਂ ਰਿਧੀ ਵਾਲੇ ਹਨ। ਗ੍ਰਹਿਾਂ ਤੋਂ ਸੂਰਜ ਤੇ ਚੰਦਰਮਾਂ ਮਹਾਂ ਰਿਧੀ ਵਾਲੇ ਹਨ। ॥96॥

## ਜਯੋਤਿਸ਼ ਦੇਵਤਿਆਂ ਦੇ ਸਥਾਨ ਦੀ ਹੱਦ ਅਤੇ ਅੰਦਰਲਾ ਆਕਾਰ:

ਸਭ ਤੋਂ ਅੰਦਰ ਅਭਿਜੀਤ ਨਛੱਤਰ, ਸਭ ਤੋਂ ਬਾਹਰ ਮੂਲ ਨਛੱਤਰ, ਸਭ ਤੋਂ ਉੱਪਰ ਸਵਾਤੀ ਨਛੱਤਰ, ਅਤੇ ਸੱਭ ਤੋਂ ਹੇਠਾਂ ਭਰਨੀ ਨਛੱਤਰ ਹੁੰਦਾ ਹੈ। ॥97॥

ਨਿਸ਼ਚੈ ਹੀ ਚੰਦਰਮਾਂ ਅਤੇ ਸੂਰਜ ਦੇ ਦਰਮਿਆਨ ਹੀ ਸਾਰੇ ਗ੍ਰਹਿ ਅਤੇ ਨਛੱਤਰ ਹਨ, ਅਤੇ ਚੰਦਰਮਾਂ ਅਤੇ ਸੂਰਜ ਦੇ ਹੇਠਾਂ, ਬਰਾਬਰ ਅਤੇ ਉੱਪਰ ਤਾਰੇ ਹੁੰਦੇ ਹਨ। ॥98॥

ਬਿਨ੍ਹਾਂ ਰੁਕਾਵਟ ਦੇ ਤਾਰੀਆਂ ਦਾ ਆਪਸ ਵਿੱਚ ਘੱਟ ਤੋਂ ਘੱਟ ਅੰਤਰ 500 ਧਨੂਸ਼ ਅਤੇ ਜ਼ਿਆਦਾ ਤੋਂ ਜ਼ਿਆਦਾ 4000 ਧਨੂਸ਼ (ਦੋ ਗਯੂਤੀ) ਦਾ ਹੁੰਦਾ ਹੈ। ॥99॥

ਰੁਕਾਵਟ ਪੱਖੋਂ ਤਾਰੀਆਂ ਦਾ ਫਰਕ ਘੱਟ ਤੋਂ ਘੱਟ 266 ਯੋਜਨ ਅਤੇ ਜ਼ਿਆਦਾ ਤੋਂ ਜ਼ਿਆਦਾ 12242 ਯੋਜਨ ਆਖਿਆ ਗਿਆ ਹੈ। ॥100॥

## ਤਾਰਾਚੰਦਰ, ਨਛੱਤਰਚੰਦਰ ਅਤੇ ਨਛੱਤਰਸੂਰਜ ਦਾ ਸਾਥ ਦੇਣ ਵਾਲੇ ਗਤੀ ਕਾਲ ਦਾ ਮਾਪ:

ਇਹ ਜੋ ਚੰਦਰ ਯੋਗ ਆਖਿਆ ਗਿਆ ਹੈ, ਇਹ 68 ਖੰਡਿਤ ਔਹਰਾਤ੍ਰੀ, 9 ਮਹੂਰਤ ਅਤੇ 27 ਕਲਾ ਵਾਲਾ ਹੁੰਦਾ ਹੈ।॥101॥

ਸ਼ਤਭਿਸਾ, ਭਰਨੀ, ਅ੍ਰਦਰਾ, ਅਸ਼ਲੇਸ਼ਾ, ਸਵਾਤੀ ਅਤੇ ਜਯਸ਼ਠਾ ਇਹ ਛੇ ਨੱਛਤਰ ਹਨ। ਇਹ ਛੇ ਨਛੱਤਰ 15 ਮਹੂਰਤ ਸੰਜੋਗ ਵਾਲੇ ਆਖੇ ਗਏ ਹਨ। ॥102॥

ਤਿੰਨ ਉਤਰਾ ਨਛੱਤਰ (ਭਾਵ ਉਤਰਾ ਭਦੱਰਪਦ, ਉਤਰਾ ਫਾਗੂਨੀ ਅਤੇ ਉਤਰਾ ਅਸ਼ਾੜਾ ਅਤੇ ਪੂਰਨਵਸੂ, ਰੌਹਨੀ ਅਤੇ ਵਿਸ਼ਾਖਾ ਇਹ ਛੇ ਨਛੱਤਰ ਚੰਦਰਮਾ ਨਾਲ 45 ਮਹੂਰਤ ਦਾ ਸੰਜੋਗ ਕਰਦੇ ਹਨ। ॥103॥

ਬਾਕੀ 15 ਨਛੱਤਰ ਚੰਦਰਮਾ ਦੇ ਨਾਲ 30 ਮਹੂਰਤ ਦਾ ਯੋਗ ਕਰਨ ਵਾਲੇ ਹੁੰਦੇ ਹਨ। ਇਹ ਚੰਦਰਮਾ ਦੇ ਨਾਲ ਨਛੱਤਰਾਂ ਦਾ ਯੋਗ ਵੀ ਜਾਣਨਾ ਚਾਹਿਦਾ ਹੈ। ॥104॥

ਅਭਿਜੀਤ ਨਛੱਤਰ ਸੂਰਜ ਦੇ ਨਾਲ 4 ਅਹੋਰਾਤ੍ਰੀ ਅਤੇ 6 ਮਹੂਰਤ ਨਾਲ ਗਮਨ ਕਰਦਾ ਹੈ। ਇਸੇ ਪ੍ਰਕਾਰ ਬਾਕੀਆਂ ਦੇ ਸੰਬਧ ਵਿੱਚ ਮੈਂ ਆਖਦਾ ਹਾਂ। ॥105॥

ਸ਼ਤਭਿਸ਼ਾ, ਭਰਨੀ, ਆਦ੍ਰਾ, ਅਸ਼ਲੇਸ਼ਾ, ਸਵਾਤੀ ਅਤੇ ਜਯਸ਼ਠਾ ਇਹ 6 ਨਛੱਤਰ 6 ਅਹੋਰਾਤ੍ਰੀ ਅਤੇ 21 ਮਹੂਰਤ ਤੱਕ ਸੂਰਜ ਦੇ ਨਾਲ ਘੁੰਮਦੇ ਹਨ। ॥106॥

ਤਿੰਨ ਉਤਰਾ ਨਛੱਤਰ ਅਤੇ ਪੂੰਰਵਸੂ, ਰੋਹਨੀ ਅਤੇ ਵਿਸ਼ਾਖਾ ਇਹ ਛੇ ਨਛੱਤਰ 20 ਅਹੋਰਾਤ੍ਰੀ ਅਤੇ 3 ਮਹੂਰਤ ਤੱਕ ਸੂਰਜ ਦੇ ਨਾਲ ਘੁੰਮਦੇ ਹਨ। ॥107॥

ਬਾਕੀ 15 ਨਛੱਤਰ 13 ਅਹੋਰਾਤ੍ਰੀ ਅਤੇ 12 ਮਹੂਰਤ ਸੂਰਜ ਦੇ ਨਾਲ ਨਾਲ ਘੁੰਮਦੇ ਹਨ। ॥108॥

ਦੋ ਚੰਦਰਮਾਂ, ਦੋ ਸੂਰਜ ਅਤੇ 56 ਨਛੱਤਰ 176 ਗ੍ਰਹਿ ਜੰਬੂ ਦੀਪ ਉੱਤੇ ਵਿਚਰਨ ਕਰਦੇ ਹਨ। ॥109॥

1,33,950 ਕੋਟਾ ਕੋਟੀ (ਕਰੋੜ ਨੂੰ ਕਰੋੜ ਨਾਲ ਗੁਣਾਂ) ਤਾਰਾ ਸਮੂਹ ਜੰਬੂ ਦੀਪ ਵਿੱਚ ਹੁੰਦੇ ਹੈ। ॥110॥

ਲ਼ਵਨ ਸਮੁੰਦਰ ਦੇ ਉੱਪਰ ਦੇ ਖੇਤਰ ਵਿੱਚ ਚਾਰ ਚੰਦਰਮਾ ਚਾਰ ਸੂਰਜ 112 ਨਛੱਤਰ ਅਤੇ 352 ਗ੍ਰਹਿ ਭਰਮਨ ਕਰਦੇ ਹਨ। ॥111॥

ਲਵਨ ਸਮੁੰਦਰ ਦੇ ਉੱਪਰ 2,78,900 ਕੋਟਾ ਕੋਟੀ ਤਾਰਾ ਸਮੂਹ ਭਰਮਨ ਕਰਦੇ ਹਨ। ॥112॥

ਧਾਂਤਕੀ ਖੰਡ ਦੀਪ ਵਿੱਚ 12 ਚੰਦਰਮਾਂ 12 ਸੂਰਜ 336 ਨਛੱਤਰ ਅਤੇ 1056 ਗ੍ਰਹਿ ਹੁੰਦੇ ਹਨ। ॥113॥

ਧਾਂਤਕੀ ਖੰਡ ਦੀਪ ਵਿੱਚ 803700 ਕੋਟਾ ਕੋਟੀ ਤਾਰਾ ਸਮੂਹ ਹੈ। ॥114॥

ਇਸ ਕਾਲੋਦਧਿ ਸਮੁੰਦਰ ਦੇ ਉਪਰਲੇ ਖੇਤਰ ਵਿੱਚ ਕਿਰਨਾਂ ਨਾਲ ਭਰਪੂਰ ਤੇਜ ਵਾਲੇ 42 ਚੰਦਰਮਾਂ ਅਤੇ 42 ਸੂਰਜ ਘੁੰਮਦੇ ਹਨ। ॥115॥

ਇਸ ਵਿੱਚ 10176 ਨਛੱਤਰ ਅਤੇ 3696 ਸੂਰਜ ਆਦਿ ਜਯੋਤਿਸ਼ ਦੇਵ ਹਨ। ॥116॥

ਕਾਲੋਦਧਿ ਸਮੁੰਦਰ ਦੇ ਉਪਰ 2812950 ਕੋਟਾ ਕੋਟੀ ਤਾਰਾ ਸਮੂਹ ਹੁੰਦੇ ਹਨ। ॥117॥

ਇਸ ਪ੍ਰਕਾਰ ਪੁਸ਼ਕਰ ਦੀਪ ਦੇ ਉੱਪਰਲੇ ਖੇਤਰ ਵਿੱਚ ਕਿਰਨਾਂ ਵਾਲੇ 144 ਚੰਦਰਮਾਂ ਤੇ 144 ਸੂਰਜ ਘੁੰਮਦੇ ਹਨ। ॥118॥

ਪੁਸ਼ਕਰ ਦੀਪ ਤੇ 4032 ਨਛੱਤਰ ਅਤੇ 12672 ਸੂਰਜ ਆਦਿ ਜਯੋਤਿਸ਼ ਮਹਾਂ ਗ੍ਰਹਿ ਹਨ। ॥119॥

ਇਸੇ ਪ੍ਰਕਾਰ ਪੁਸ਼ਕਰ ਦੀਪ ਤੇ 9644400 ਕੋਟਾ ਕੋਟੀ ਤਾਰਾ ਸਮੂਹ ਹਨ। ॥120॥

ਇਸ ਅਰਧਪੁਸ਼ਕਰ ਦੀਪ ਦੇ ਉੱਪਰਲੇ ਖੇਤਰ ਵਿੱਚ 72 ਚੰਦਰਮਾਂ 72 ਸੂਰਜ ਪ੍ਰਕਾਸ਼ ਕਰਦੇ ਹੋਏ ਘੁੰਮਦੇ ਹਨ। ॥121॥

ਅਰਧਪੁਸ਼ਕਰ ਦੀਪ ਦੇ ਉਪਰਲੇ ਖੇਤਰ ਵਿੱਚ 6336 ਗ੍ਰਹਿ ਤੇ 2016 ਨਛੱਤਰ ਹੁੰਦੇ ਹਨ। ॥122॥

ਅਰਧਪੁਸ਼ਕਰ ਦੀਪ ਦੇ ਉਪਰਲੇ ਖੇਤਰ ਵਿੱਚ ਨਿਸ਼ਚੈ ਹੀ 4822200 ਕੋਟਾ ਕੋਟੀ ਤਾਰਾ ਸਮੂਹ ਹੁੰਦੇ ਹਨ। ॥123॥

132 ਚੰਦਰਮਾਂ ਹਨ ਅਤੇ 132 ਸੂਰਜ ਅਜਿਹੇ ਹਨ ਜੋ ਸਮੂਚੇ ਮਨੁੱਖ ਲੋਕ ਨੂੰ ਪ੍ਰਕਾਸ਼ਤ ਕਰਦੇ ਹੋਏ ਘੁੰਮਦੇ ਹਨ। ॥124॥

ਮਨੁੱਖ ਲੋਕ ਵਿੱਚ 11616 ਮਹਾਂ ਗ੍ਰਹਿ ਹਨ ਅਤੇ 396 ਨਛੱਤਰ ਹਨ। ॥125॥

ਮਨੁੱਖ ਲੋਕ ਵਿੱਚ 8840700 ਕੋਟਾ ਕੋਟੀ ਤਾਰਾ ਸਮੂਹ ਹਨ। ॥126॥

ਸੰਖੇਪ ਵਿੱਚ ਮਨੁੱਖ ਲੋਕ ਵਿੱਚ ਇਹ ਨਛੱਤਰ ਸਮੂਹ ਆਖਿਆ ਗਿਆ ਹੈ ਅਤੇ ਮਨੁੱਖ ਲੋਕ ਦੇ ਬਾਹਰ ਜਿੰਨੇਦਰ ਭਗਵਾਨ ਨੇ ਅਸੰਖਿਆਤ ਤਾਰੇ ਕਹੇ ਹਨ। ॥127॥

ਇਸ ਪ੍ਰਕਾਰ ਮਨੁੱਖ ਲੋਕ ਵਿੱਚ ਜੋ ਸੂਰਜ ਆਦਿ ਗ੍ਰਹਿ ਆਖੇ ਗਏ ਹਨ ਉਹ ਕਦੰਭ ਦਰਖਤ ਦੇ ਫੁੱਲ ਦੇ ਆਕਾਰ ਦੀ ਤਰ੍ਹਾਂ ਘੁੰਮਦੇ ਹਨ। ॥128॥

ਇਸ ਪ੍ਰਕਾਰ ਮਨੁੱਖ ਲੋਕ ਵਿੱਚ ਸੂਰਜ, ਚੰਦਰਮਾਂ ਗ੍ਰਹਿ ਨਛੱਤਰ ਆਖੇ ਗਏ ਹਨ ਜਿਹਨਾਂ ਦੇ ਨਾਂ ਅਤੇ ਗੋਤਰ ਸਧਾਰਨ ਬੁੱਧੀ ਵਾਲੇ ਨਹੀਂ ਆਖ ਸਕਦੇ। ॥129॥

## ਜਯੋਤਿਸ਼ ਦੇਵਾਂ ਦੇ ਸਮੂਹ ਅਤੇ ਪੰਕਤੀਆਂ ਪੱਖੋਂ ਚੰਦਰਮਾਂ ਦੀ ਸੰਖਿਆ:

ਮਨੁੱਖ ਲੋਕ ਵਿੱਚ ਚੰਦਰਮਾਂ ਤੇ ਸੂਰਜ ਦੇ 66 ਸਮੂਹ ਹੁੰਦੇ ਹਨ ਇੱਕ ਇੱਕ ਪਿਟਕ (ਸਮੂਹ) ਵਿੱਚ ਦੋ ਚੰਦਰਮਾਂ ਅਤੇ ਦੋ ਸੂਰਜ ਹੁੰਦੇ ਹਨ। ॥130॥

ਮਨੁੱਖ ਲੋਕ ਵਿੱਚ ਵਿੱਚ ਨਛੱਤਰਾਂ ਦੇ ਵੀ 66 ਪਿਟਕ ਹੁੰਦੇ ਹਨ ਅਤੇ ਇੱਕ ਇੱਕ ਪਿਟਕ ਵਿੱਚ 56 ਨਛੱਤਰ ਹੁੰਦੇ ਹਨ। ॥131॥

ਮਨੁੱਖ ਲੋਕ ਵਿੱਚ ਸੂਰਜ ਆਦਿ ਜ਼ਯੋਤਿਸ਼ ਦੇਵਾਂ ਦੇ 66 ਪਿਟਕ ਹਨ ਅਤੇ ਇੱਕ ਇੱਕ ਪਿਟਕ ਵਿੱਚ 176 ਗ੍ਰਹਿ ਹੁੰਦੇ ਹਨ। ॥132॥

ਮਨੁੱਖ ਲੋਕ ਵਿੱਚ ਚੰਦਰਮਾਂ ਤੇ ਸੂਰਜ ਦੀਆਂ ਚਾਰ ਪੰਕਤੀਆਂ (ਲਾਇਨਾਂ) ਹੁੰਦੀਆਂ ਹਨ ਅਤੇ ਜੋ ਇੱਕ ਇੱਕ ਪੰਕਤੀ ਹੈ ਉਸ ਵਿੱਚ 66 - 66 ਚੰਦਰਮਾਂ ਤੇ ਸੂਰਜ ਹਨ। ॥133॥

ਮਨੁੱਖ ਲੋਕ ਵਿੱਚ ਨਛੱਤਰਾਂ ਦੀਆਂ 56 ਪੰਕਤੀਆਂ ਹਨ ਅਤੇ ਜੋ ਇੱਕ ਇੱਕ ਪੰਕਤੀ ਪ੍ਰਾਪਤ ਹੈ। ਉਸ ਵਿੱਚ 66 - 66 ਚੰਦਰਮਾਂ ਅਤੇ ਸੂਰਜ ਹਨ। ॥134॥

ਮਨੁੱਖ ਲੋਕ ਵਿੱਚ ਗ੍ਰਹਿਾਂ ਦਾ 176 ਪੰਕਤੀਆਂ ਦਾ ਸਮੂਹ ਹੈ ਅਤੇ ਜੋ ਇੱਕ ਇੱਕ ਪੰਕਤੀ ਹੈ ਉਸ ਵਿੱਚ 66 - 66 ਚੰਦਰਮਾਂ ਤੇ ਸੂਰਜ ਹੁੰਦੇ ਹਨ। ॥135॥

ਚੰਦਰਮਾਂ, ਸੂਰਜ ਅਤੇ ਗ੍ਰਹਿ ਸਮੂਹ ਅਸਥਿਰ ਸੰਬਧ ਦੇ ਕਾਰਨ ਉਸ ਮੇਰੂ ਪਰਬਤ ਦੇ ਆਲੇ ਦੁਆਲੇ ਘੁੰਮਦੇ ਹੋਏ ਅਤੇ ਸੱਜੇ ਵੱਲ ਮੰਡਲ ਆਕਾਰ (ਗੋਲ ਆਕਾਰ) ਵਿੱਚ ਘੁੰਮਦੇ ਹਨ। ॥136॥

ਇਸ ਪ੍ਰਕਾਰ ਨਛੱਤਰ ਅਪਣੇ ਗ੍ਰਹਿ ਦੇ ਨਿੱਤ ਮੰਡਲ ਵੀ ਜਾਣਨੇ ਚਾਹਿਦੇ ਹਨ। ਉਹ ਵੀ ਮੇਰੂ ਪਰਬਤ ਦੇ ਸੱਜੇ ਵੱਲ ਮੰਡਲ ਆਕਾਰ ਵਿੱਚ ਘੁੰਮਦੇ ਹਨ। ॥137॥

ਚੰਦਰਮਾ ਤੇ ਸੂਰਜ ਦੀ ਗਤੀ ਉੱਪਰ ਅਤੇ ਹੇਠਾਂ ਨਹੀਂ ਹੁੰਦੀ ਹੈ ਉਹਨਾਂ ਦੀ ਗਤੀ ਅੰਦਰ, ਬਾਹਰ, ਤਿਰਛੀ ਅਤੇ ਮੰਡਲ ਆਕਾਰ ਹੁੰਦੀ ਹੈ। ॥138॥

ਚੰਦਰਮਾਂ, ਸੂਰਜ, ਨਛੱਤਰ ਆਦਿ ਜ਼ਯੋਤਿਸ਼ ਦੇਵਾਂ ਦੇ ਘੁੰਮਣ ਵਿਸ਼ੇਸ਼ ਦੇ ਰਾਹੀਂ ਮਨੁੱਖ ਨੂੰ ਸੁਖ ਦੁਖ ਦੀ ਗਤੀ ਹੁੰਦੀ ਹੈ। ॥139॥

ਉਹਨਾਂ ਜ਼ਯੋਤਿਸ਼ ਦੇਵਾਂ ਦੇ ਨੇੜੇ ਹੁੰਦੇ ਹੋਏ ਤਾਪਮਾਨ ਨਿਯਮ ਅਨੁਸਾਰ ਵੱਧਦਾ ਹੈ ਅਤੇ ਉਸੇ ਪ੍ਰਕਾਰ ਦੂਰ ਹੁੰਦੇ ਹੋਏ ਤਾਪਮਾਨ ਘੱਟਦਾ ਹੈ। ॥140॥

ਉਹਨਾਂ ਦਾ ਤਾਪ ਖੇਤਰ ਕਲਮਬਕ ਫੁੱਲ ਦੇ ਆਕਾਰ ਦੀ ਤਰ੍ਹਾਂ ਹੁੰਦਾ ਹੈ। ਅਤੇ ਚੰਦਰਮਾਂ ਸੂਰਜ ਦੇ ਤਾਪ ਖੇਤਰ ਦਾ ਆਕਾਰ ਅੰਦਰ ਤੋਂ ਸੁੰਗੜਿਆ ਹੋਇਆ ਅਤੇ ਬਾਹਰ ਤੋਂ ਫੈਲਿਆ ਹੁੰਦਾ ਹੈ। ॥141॥

ਕਿਸ ਕਾਰਨ ਤੋਂ ਚੰਦਰਮਾਂ ਵੱਧਦਾ ਹੈ ਅਤੇ ਕਿਸ ਕਾਰਨ ਤੋਂ ਘੱਟਦਾ ਹੈ ਜਾਂ ਕਿਸ ਕਾਰਨ ਤੋਂ ਚੰਦਰਮਾਂ ਦੀ ਜੋਤ ਅਤੇ ਕਾਲਖ ਹੁੰਦੀ ਹੈ। ॥142॥

ਰਾਹੂ ਦਾ ਕਾਲਾ ਵਿਮਾਨ ਹਮੇਸ਼ਾਂ ਹੀ ਚੰਦਰਮਾਂ ਦੇ ਨਾਲ ਲੱਗਕੇ ਚਾਰ ਉਂਗਲ ਹੇਠਾਂ ਲਗਾਤਾਰ ਚੱਲਦਾ ਹੈ। ॥143॥

ਸ਼ੁਕਲ ਪੱਖ 15 ਦਿਨਾਂ ਵਿੱਚ ਚੰਦਰਮਾਂ ਦਾ 62ਵਾਂ ਭਾਗ ਰਾਹੂ ਦੇ ਹੱਟਣ ਨਾਲ ਹਰ ਰੋਜ ਵੱਧਦਾ ਹੈ ਅਤੇ ਕ੍ਰਿਸ਼ਨ ਪੱਖ ਦੇ ਉਨਾਂ ਹੀ ਢੱਕਣ ਨਾਲ ਘੱਟ ਜਾਂਦਾ ਹੈ। ॥144॥

ਚੰਦਰਮਾਂ ਦੇ 15 ਭਾਗ 15 ਦਿਨਾਂ ਵਿੱਚ ਸਿਲਸਲੇ ਵਾਰ ਰਾਹੂ ਦੇ 15 ਭਾਗਾਂ ਤੋਂ ਹਟਦੇ ਰਹਿੰਦੇ ਹਨ ਅਤੇ ਚੰਦਰਮਾਂ ਦੇ 15 ਭਾਗ 15 ਦਿਨਾਂ ਵਿੱਚ ਰਾਹੂ ਦੇ 15 ਭਾਗਾਂ ਨੂੰ ਢੱਕਦੇ ਰਹਿੰਦੇ ਹਨ। ॥145॥

ਇਸ ਪ੍ਰਕਾਰ ਚੰਦਰਮਾਂ ਵੱਧੇ ਨੂੰ ਪ੍ਰਾਪਤ ਕਰਦਾ ਹੈ ਅਤੇ ਇਸੇ ਪ੍ਰਕਾਰ ਚੰਦਰਮਾਂ ਉਤਰਾ ਨੂੰ ਪ੍ਰਾਪਤ ਕਰਦਾ ਹੈ। ਇਸੇ ਕਾਰਨ ਕਾਲਖ (ਕ੍ਰਿਸ਼ਨ ਪੱਖ) ਅਤੇ ਚਾਂਦਨੀ (ਸ਼ੁਕਲ ਪੱਖ) ਹੁੰਦੇ ਹਨ। ॥146॥

## ਜ਼ਯੋਤਿਸ਼ੀਆਂ ਦੀ ਗਤੀ ਅਤੇ ਸਥਿਰ ਭਾਗ:

ਮਨੁੱਖ ਲੋਕ ਵਿੱਚ ਉਤਪਨ ਅਤੇ ਘੁੰਮਣ ਵਾਲੇ ਚੰਦਰਮਾਂ, ਸੂਰਜ ਅਤੇ ਗ੍ਰਹਿ ਸਮੂਹ ਆਦਿ ਪੰਜ ਪ੍ਰਕਾਰ ਦੇ ਜ਼ਯੋਤਿਸ਼ ਹੁੰਦੇ ਹਨ। ॥147॥

ਇਸ ਤੋਂ ਛੁੱਟ ਮਨੁੱਖ ਖੇਤਰ ਤੋਂ ਬਾਹਰ ਜੋ ਚੰਦਰਮਾਂ, ਸੂਰਜ, ਗ੍ਰਹਿ, ਤਾਰੇ ਅਤੇ ਨਛੱਤਰ ਹਨ ਨਾਂ ਤਾਂ ਉਹਨਾਂ ਦੀ ਗਤੀ ਹੁੰਦੀ ਹੈ ਤੇ ਨਾਂ ਹੀ ਉਹ ਘੁੰਮਦੇ ਹਨ। ਉਹਨਾਂ ਨੂੰ ਸਥਿਰ ਜਾਣਨਾ ਚਾਹਿਦਾ ਹੈ। ॥148॥

## ਜੰਬੂ ਦੀਪ ਵਿੱਚ ਚੰਦਰਮਾਂ, ਸੂਰਜਾਂ ਦੀ ਗਿਣਤੀ ਅਤੇ ਅੰਤਰ:

ਇਹ ਚੰਦਰਮਾਂ, ਸੂਰਜ ਜੰਬੂ ਦੀਪ ਵਿੱਚ ਦੋਗੁਣੇ ਭਾਵ ਦੋ ਚੰਦਰਮਾਂ ਦੋ ਸੂਰਜ, ਲਵਨ ਸਮੁੰਦਰ ਵਿੱਚ ਚਾਰ ਗੁਣੇਂ ਭਾਵ ਚਾਰ ਚੰਦਰਮਾਂ, ਚਾਰ ਸੂਰਜ ਅਤੇ ਲਵਨ ਸਮੁੰਦਰ ਤੋਂ

ਤਿੰਨਗੁਣੇ ਭਾਵ 12 ਚੰਦਰਮਾਂ ਅਤੇ 12 ਸੂਰਜ ਧਾਤਕੀ ਖੰਡ ਵਿੱਚ ਪ੍ਰਾਪਤ ਹੁੰਦੇ ਹਨ। ॥149॥

ਇਸ ਪ੍ਰਕਾਰ ਜੰਬੂ ਦੀਪ ਵਿੱਚ ਦੋ ਚੰਦਰਮਾਂ ਅਤੇ ਦੋ ਸੂਰਜ, ਲਵਨ ਸਮੁੰਦਰ ਵਿੱਚ ਚਾਰ ਚੰਦਰਮਾਂ ਤੇ ਸੂਰਜ ਅਤੇ ਧਾਤਕੀ ਖੰਡ ਵਿੱਚ 12 ਚੰਦਰਮਾਂ ਤੇ 12 ਸੂਰਜ ਹੁੰਦੇ ਹਨ। ॥150॥

ਧਾਤਕੀ ਖੰਡ ਦੇ ਅੱਗੇ ਦੇ ਖੇਤਰ ਵਿੱਚ ਭਾਵ ਦੀਪ ਸਮੁੰਦਰਾਂ ਵਿੱਚ ਸੂਰਜ, ਚੰਦਰਮਾਂ ਦੀ ਗਿਣਤੀ ਨੂੰ ਪਹਿਲਾਂ ਦੇ ਦੀਪ ਸਮੁੰਦਰਾਂ ਦਾ ਤਿੰਨ ਗੁਣਾਂ ਕਰਕੇ ਅਤੇ ਉਸ ਵਿੱਚ ਪੂਰਵ ਦੇ ਚੰਦਰਮਾਂ ਅਤੇ ਸੂਰਜਾਂ ਦੀ ਸੰਖਿਆ ਮਿਲਾ ਕੇ ਜਾਣਨਾ ਚਾਹੀਦਾ ਹੈ। ॥151॥

ਜੇ ਤੁਸੀਂ ਦੀਪ ਅਤੇ ਸਮੁੰਦਰਾਂ ਵਿੱਚ ਨਛੱਤਰ, ਗ੍ਰਹਿ ਅਤੇ ਤਾਰੀਆਂ ਅਤੇ ਇਹਨਾਂ ਦੇ ਪਰਿਮਾਨ ਜਾਣਨ ਦੀ ਇੱਛਾ ਰੱਖਦੇ ਹੋ ਤਾਂ ਇੱਕ ਚੰਦਰਮਾਂ ਪਰਿਵਾਰ ਦੀ ਸੰਖਿਆ ਨਾਲ ਗੁਣਾਂ ਕਰਨ ਤੇ ਉਹਨਾ ਦੀਪ ਸਮੁੰਦਰਾਂ ਦੇ ਨਛੱਤਰ ਗ੍ਰਹਿਾਂ ਅਤੇ ਤਾਰੀਆਂ ਦੀ ਸੰਖਿਆ ਦਾ ਪਤਾ ਲੱਗ ਜਾਂਦਾ ਹੈ। ॥152॥

ਮਨੁਸ਼ੋਤਰ ਪਰਬਤ ਦੇ ਬਾਹਰ ਚੰਦਰਮਾਂ ਤੇ ਸੂਰਜ ਸਥਿਤ ਹਨ ਉੱਥੇ ਚੰਦਰਮਾਂ ਅਭਿਜਿਤ ਨਛੱਤਰ ਤੋਂ ਦੇ ਯੋਗ ਵਾਲੇ ਅਤੇ ਸੂਰਜ ਪੁਸ਼ਯ ਨਛੱਤਰ ਦੇ ਯੋਗ ਵਾਲੇ ਹੁੰਦੇ ਹਨ। ॥153॥

ਮਨੁੱਖ ਖੇਤਰ ਦੇ ਬਾਹਰ ਸੂਰਜ ਦਾ ਚੰਦਰਮਾਂ ਤੋਂ ਅਤੇ ਚੰਦਰਮਾਂ ਦਾ ਸੂਰਜ ਤੋਂ ਫਰਕ 50 ਹਜ਼ਾਰ ਯੋਜਨ ਤੋਂ ਘੱਟ ਨਹੀਂ ਹੁੰਦਾ ਹੈ। ॥154॥

ਮਨੁਸ਼ੋਤਰ ਪਰਬਤ ਦੇ ਬਾਹਰ ਚੰਦਰਮਾਂ ਤੋਂ ਚੰਦਰਮਾਂ ਅਤੇ ਸੂਰਜ ਤੋਂ ਸੂਰਜ ਦਾ ਫਰਕ 100,000 ਯੋਜਨ ਦਾ ਹੁੰਦਾ ਹੈ। ॥155॥

ਚੰਦਰਮਾਂ ਤੋਂ ਸੂਰਜ ਦਾ ਫਰਕ ਹੈ ਅਤੇ ਪ੍ਰਕਾਸ਼ਵਾਨ ਸੂਰਜ ਤੋਂ ਚੰਦਰਮਾਂ ਦੂਰ ਹੈ ਅਤੇ ਉਹ ਅਨੇਕਾਂ ਰੰਗ ਵਾਲੀਆਂ ਕਿਰਨਾਂ ਵਾਲੇ ਹੁੰਦੇ ਹਨ ਚੰਦਰਮਾਂ ਘੱਟ ਕਿਰਨਾਂ ਵਾਲਾ ਅਤੇ ਸੂਰਜ ਆਭਾ ਵਾਲੀਆਂ ਕਿਰਨਾਂ ਵਾਲਾ ਹੁੰਦਾ ਹੈ। ॥156॥

ਇੱਕ ਚੰਦਰਮਾਂ ਪਰਿਵਾਰ ਦੇ 88 ਗ੍ਰਹਿ ਅਤੇ 88 ਨਛੱਤਰ ਹੁੰਦੇ ਹਨ। ਇਸ ਤੋਂ ਬਾਅਦ ਮੈਂ ਤਾਰੀਆਂ ਦਾ ਵਰਨਣ ਕਰਦਾ ਹਾਂ। ॥157॥

ਇੱਕ ਚੰਦਰ ਪਰਿਵਾਰ ਵਿੱਚ 66975 ਕੋਟਾ ਕੋਟੀ ਤਾਰੀਆਂ ਦਾ ਸਮੂਹ ਹੁੰਦਾ ਹੈ। ॥158॥

## ਜ਼ਯੋਤਿਸ਼ੀ ਦੇਵਤਿਆਂ ਦੀ ਉੱਮਰ:

ਸੂਰਜ ਦੀ ਉੱਮਰ ਇੱਕ ਹਜ਼ਾਰ ਪਲਯੋਪਮ ਆਖੀ ਗਈ ਹੈ ਅਤੇ ਚੰਦਰਮਾਂ ਦੀ ਉਮਰ 100,000 ਪਲਯੋਪਮ ਤੋਂ ਜ਼ਿਆਦਾ ਆਖੀ ਗਈ ਹੈ। ॥159॥

ਗ੍ਰਹਿਾਂ ਦੀ ਇਹ ਉੱਮਰ ਇੱਕ ਪਲਯੋਪਮ, ਨਛੱਤਰਾਂ ਦੀ ਅੱਧਾ ਪਲਯੋਪਮ, ਤਾਰੀਆਂ ਦੀ ਇੱਕ ਪਲਯੋਪਮ ਦਾ ਚੋਥਾ ਹਿੱਸਾ ਆਖੀ ਗਈ ਹੈ। ॥160॥

ਜ਼ਯੋਤਿਸ਼ ਦੇਵਾਂ ਦੀ ਘੱਟ ਤੋਂ ਘੱਟ ਉੱਮਰ ਪਲਯੋਪਮ ਦਾ ਅੱਠਵਾਂ ਹਿੱਸਾ ਅਤੇ ਵੱਧ ਤੋਂ ਵੱਧ 100,000 ਪਲਯੋਪਮ ਸਾਲ ਆਖੀ ਗਈ ਹੈ। ॥161॥

## ਕਲਪ ਵੇਮਾਨਿਕ ਦੇਵਾਂ ਦੇ 12 ਇੰਦਰ:

ਮੇਰੇ ਰਾਹੀਂ ਇਹ ਭਵਨਪਤੀ, ਵਾਨਵਿੰਤਰ ਅਤੇ ਜ਼ਯੋਤਿਸ਼ੀ ਦੇਵਾਂ ਦੀ ਉੱਮਰ ਆਖੀ ਗਈ ਹੈ। ਹੁਣ ਮੈਂ ਮਹਾਨ ਰਿਧੀ ਵਾਲੇ 12 ਕਲਪਪਤੀ ਇੰਦਰਾਂ ਦਾ ਵਰਣਨ ਕਰਾਂਗਾ। ॥162॥

ਤਾਂ ਉਹ ਇਸ ਪ੍ਰਕਾਰ ਆਖਣ ਲੱਗਾ, ਪਹਿਲਾ ਸੂਧਰਮ ਪਤੀ, ਦੂਸਰਾ ਈਸ਼ਾਨਪਤੀ ਇੰਦਰ, ਤੀਸਰਾ ਸਨਤਕੁਮਾਰ ਅਤੇ ਚੋਥਾ ਮਾਹੇਂਦਰ ਇੰਦਰ ਹਨ। ਪੰਜਵਾਂ

ਬ੍ਰਹਮ, ਛੇਵਾਂ ਲਾਤੰਕ, ਸੱਤਵਾਂ ਮਹਾਂ ਸ਼ੁਕਰ, ਅੱਠਵਾਂ ਸਹਸਤ੍ਰਾ ਦੇਵਿੰਦਰ ਹੁੰਦੇ ਹਨ। ਨੌਵਾਂ ਆਨਤ, ਦਸਵਾਂ ਪ੍ਰਾਨਤ, ਗਿਆਰਹਵਾਂ ਆਰਨ, ਬਾਰਹਵਾਂ ਅਚਯੁਕਤ ਹੁੰਦੇ ਹਨ ਇਸ ਪ੍ਰਕਾਰ ਇਹ 12 ਕਲਪਪਤੀ ਇੰਦਰਾਂ ਕਲਪਾਂ ਦੇ ਸਵਾਮੀ ਆਖੇ ਗਏ ਹਨ ਇਹਨਾਂ ਤੋਂ ਛੁਟ ਦੇਵਤਿਆਂ ਨੂੰ ਆਗਿਆ ਦੇਣ ਵਾਲਾ ਹੋਰ ਕੋਈ ਦੂਸਰਾ ਨਹੀਂ ਹੈ। ॥163-166॥

ਕਲਪ ਵਾਸੀ ਦੇਵਤਿਆਂ ਦੇ ਉੱਪਰ ਦੇਵ ਸਮੂਹ ਹਨ। ਉਹ ਅਪਣੇ ਆਪ ਨੂੰ ਖੁਦ ਹੀ ਨਿਰੰਤਰ ਕਰਕੇ ਉਤਪਨ ਹੁੰਦੇ ਹਨ ਕਿਉਂਕਿ ਗ੍ਰੇਵਾਇਕ ਵਿੱਚ ਹੋਰ ਰੂਪ ਵਿੱਚ ਦਾਸ ਜਾਂ ਸਵਾਮੀ ਦੀ ਉਤਪਤੀ ਸੰਭਵ ਨਹੀਂ ਹੈ। ॥167॥

ਜੋ ਸਮਿਅਕ ਦਰਸ਼ਨ (ਸ਼ੁਧ ਸ਼ਰਧਾ) ਤੋਂ ਗਿਰੇ ਹੋਏ ਹੋ ਕੇ ਵੀ ਸ਼੍ਰਮਣ ਭੇਸ਼ ਧਾਰਨ ਕਰਦੇ ਹਨ। ਉਹ ਮਰ ਕੇ ਗ੍ਰੇਵੇਯਕ ਵਿਮਾਨ ਵਿੱਚ ਉਤਪਨ ਹੁੰਦੇ ਹਨ। ॥168॥

## ਵਿਮਾਨਕ ਇੰਦਰਾਂ ਦੀ ਸੰਖਿਆ:

ਇਹ ਸੁਧਰਮਕਲਪਪਤੀ ਸ਼ੁਕਰ ਮਹਾਂਅਨੁਭਾਵ ਦੇ 32 ਲੱਖ ਵਿਮਾਨਾਂ ਦਾ ਕੱਥਨ ਕੀਤਾ ਗਿਆ ਹੈ। ॥169॥

ਈਸ਼ਾਨ ਕਲਪਾਪਤੀ ਇੰਦਰ ਦੇ 28 ਲੱਖ ਵਿਮਾਨ ਹੁੰਦੇ ਹਨ। ਸਨਤਕੁਮਾਰ ਕਲਪ ਵਿੱਚ 12 ਲੱਖ ਵਿਮਾਨ ਹੁੰਦੇ ਹਨ। ਇਸੇ ਤਰ੍ਹਾਂ ਮਹਿੰਦਰ ਕਲਪ ਵਿੱਚ 8 ਲੱਖ ਵਿਮਾਨ ਹੁੰਦੇ ਹਨ ਅਤੇ ਬ੍ਰਹਮ ਲੋਕ ਵਿੱਚ 4 ਲੱਖ ਵਿਮਾਨ ਹੁੰਦੇ ਹਨ। ਲਾਤੰਕ 50 ਹਜ਼ਾਰ ਵਿਮਾਨਾਂ ਦੇ ਸਵਾਮੀ ਹੁੰਦੇ ਹਨ। ਮਹਾਂ ਸ਼ੁਕਰ 40 ਲੱਖ ਵਿਮਾਨਾ ਦੇ ਸਵਾਮੀ ਹੁੰਦੇ ਹਨ ਅਤੇ ਸ਼ਹਸਤ੍ਰਾ 6 ਹਜ਼ਾਰ ਵਿਮਾਨਾ ਦੇ ਸਵਾਮੀ ਹੁੰਦੇ ਹਨ। ਆਨਤ, ਪ੍ਰਾਨਤ ਕਲਪ ਵਿੱਚ 4 ਸੌ ਵਿਮਾਨ ਹਨ। ਆਰਨ, ਅਚਯਕਤ ਕਲਪ ਵਿੱਚ 3 ਸੌ ਵਿਮਾਨ ਹੁੰਦੇ ਹਨ। ਇਸ ਪ੍ਰਕਾਰ ਇਹਨਾਂ ਚਾਰੇ ਕਲਪਾ ਵਿੱਚ 7 ਸੌ ਵਿਮਾਨ ਹੁੰਦੇ ਹਨ। ॥170-173॥

ਇਸ ਪ੍ਰਕਾਰ ਹੇ ਸੁੰਦਰੀ! ਜਿਸ ਕਲਪ ਵਿੱਚ ਜਿਨ੍ਹੇ ਵਿਮਾਨ ਆਖੇ ਗਏ ਹਨ, ਉਹਨਾਂ ਦੇ ਕਲਪ ਪਤੀ ਦੇਵਤਿਆਂ ਦੀ ਉੱਮਰ ਇਸ ਪ੍ਰਕਾਰ ਹੈ। ॥174॥

## ਵੇਮਾਨਕ ਦੇਵਾਂ ਦੀ ਉੱਮਰ:

ਸੁਧਰਮਕਲਪ ਦੇ ਇੰਦਰ ਸ਼ੱਕਰ ਮਹਾਂਅਨੁਭਾਵ ਦੀ ਉੱਮਰ ਦੋ ਸਾਗਰੋਪਮ ਆਖੀ ਗਈ ਹੈ ਇਸੇ ਪ੍ਰਕਾਰ ਈਸ਼ਾਨ ਕਲਪ ਵਿੱਚ ਦੋ ਸਾਗਰੋਪਮ ਤੋਂ ਕੁੱਝ ਜ਼ਿਆਦਾ ਅਤੇ ਸਨਤਕੁਮਾਰ ਵਿੱਚ 7 ਸਾਗਰੋਪਮ ਦੀ ਸਥਿਤੀ ਆਖੀ ਗਈ ਹੈ। ॥175॥

ਮਹਾਇੰਦਰ ਵਿੱਚ 7 ਸੋ ਸਾਗਰੋਪਮ ਤੋਂ ਕੁੱਝ ਜ਼ਿਆਦਾ, ਬ੍ਰਹਮ ਲੋਕ ਵਿੱਚ 10 ਸਾਗਰੋਪਮ, ਲਾਤੰਕ ਕਲਪ ਵਿੱਚ 14 ਸਾਗਰੋਪਮ ਅਤੇ ਮਹਾਂਸ਼ੁਕਰ ਵਿੱਚ 17 ਸਾਗਰੋਪਮ ਦੀ ਉੱਮਰ ਆਖੀ ਗਈ ਹੈ। ॥176॥

ਇਸੇ ਪ੍ਰਕਾਰ ਸਹਸਤ੍ਰਾ ਕਲਪ ਵਿੱਚ 18 ਸਾਗਰੋਪਮ, ਆਨਤ ਵਿੱਚ 19 ਸਾਗਰੋਪਮ, ਅਤੇ ਪ੍ਰਾਨਤ ਕਲਪ ਵਿੱਚ 20 ਸਾਗਰੋਪਮ ਦੀ ਸਥਿਤੀ ਆਖੀ ਗਈ ਹੈ। ਆਰਨ ਕਲਪ ਵਿੱਚ ਪੂਰੀ 21 ਸਾਗਰੋਪਮ ਦੀ ਉੱਮਰ ਅਤੇ ਅਚਯੁਕਤ ਕਲਪ ਵਿੱਚ 22 ਸਾਗਰੋਪਮ ਦੀ ਉੱਮਰ ਆਖੀ ਗਈ ਹੈ। ॥177-178॥

ਜੋ ਕਲਪਪਤੀਆਂ ਦੇ ਕਲਪਾਂ ਦੀ ਉੱਮਰ ਦਾ ਵਰਣਨ ਕੀਤਾ ਗਿਆ ਹੈ। ਹੁਣ ਅਨਉਤਰ ਅਤੇ ਗ੍ਰੇਵੇਯਕ ਵਿਮਾਨਾਂ ਦੇ ਵਿਭਾਗਾਂ ਨੂੰ ਸੁਣੋ। ॥179॥

ਅਧੋ (ਹੇਠਾਂ) ਮੱਧਮ (ਵਿਚਕਾਰ) ਅਤੇ ਉਰਧਵ (ਉੱਪਰ) ਇਹ ਤਿੰਨ ਗ੍ਰੇਵੇਯਕ ਹਨ। ਹਰ ਗ੍ਰੇਵੇਯਕ ਦੇ ਤਿੰਨ ਪ੍ਰਕਾਰ ਹੁੰਦੇ ਹਨ। ਇਸ ਪ੍ਰਕਾਰ ਗ੍ਰੇਵੇਯਕ 9 ਹੁੰਦੇ ਹਨ। ॥180॥

ਸੁਦਰਸ਼ਨ, ਅਮੋਦ, ਸੁਪ੍ਰਬੁੱਧ, ਯਸ਼ੋਧਰ, ਵਤਸ, ਸੁਵਤਸ, ਸੁਮਨਸ, ਸੋਮਨਸ, ਅਤੇ ਪ੍ਰਿਯਾਦਰਸ਼ਨ ਇਹ 9 ਗ੍ਰੇਵੇਯਕ ਦੇਵਾਂ ਦੇ ਨਾਂ ਹਨ। ॥181॥

ਹੇਠਾਂ ਵਾਲੇ ਗ੍ਰੇਵੇਯਕਾਂ ਵਿੱਚ 111, ਵਿੱਚਕਾਰ ਵਾਲੇ ਗ੍ਰੇਵੇਯਕਾਂ ਵਿੱਚ 107, ਉਪਰ ਵਾਲੇ ਗ੍ਰੇਵੇਯਕਾਂ ਵਿੱਚ 100, ਅਤੇ ਅਨੁਪਪਾਤਿਕ ਦੇਵਤਿਆਂ ਦੇ ਪੰਜ ਵਿਮਾਨ ਆਖੇ ਗਏ ਹਨ। ॥182॥

ਹੇ ਕੋਮਲ ਅੰਗਾਂ ਵਾਲੀ! ਸੱਭ ਤੋਂ ਹੇਠਾਂ ਵਾਲੇ ਗ੍ਰੇਵੇਯਕ ਦੇਵਤਿਆਂ ਦੀ ਉੱਮਰ 23 ਸਾਗਰੋਪਮ ਹੁੰਦੀ ਹੈ। ਬਾਕੀਆਂ ਦੀ ਉੱਮਰ ਇੱਕ ਇੱਕ ਸਾਗਰੋਪਮ ਵੱਧਦੀ ਜਾਂਦੀ ਹੈ। ॥183॥

## ਅਨੁੱਤਰ ਦੇਵਤਿਆਂ ਦੇ ਨਾਂ, ਵਿਮਾਨ, ਸਥਾਨ, ਉੱਮਰ ਆਦਿ:

ਵਿਜੈ, ਵੈਜਯੰਤ, ਜਯੰਤ ਅਤੇ ਅਪਰਾਜਿਤ ਇਹ ਚਾਰ ਵਿਮਾਨ ਅਨੁਤਰ ਦੇਵਤਿਆਂ ਦੇ ਜਾਣਨੇ ਚਾਹਿਦੇ ਹਨ। ਇਹਨਾਂ ਵਿੱਚੋਂ ਪੂਰਵ ਦਿਸ਼ਾ ਵੱਲ ਵੈਜਯੰਤ ਵਿਮਾਨ ਹੁੰਦਾ ਹੈ। ਪੱਛਮ ਦਿਸ਼ਾ ਵੱਲ ਜਯੰਤ ਵਿਮਾਨ ਅਤੇ ਉੱਤਰ ਦਿਸ਼ਾ ਦੇ ਨਾਲ ਅਪਰਾਜਿਤ ਵਿਮਾਨ ਹੁੰਦਾ ਹੈ। ਇਹਨਾਂ ਚਾਰਾਂ ਦੇ ਵਿਚਕਾਰ ਸਰਵਾਰਥਸਿਧ ਵਿਮਾਨ ਹੁੰਦਾ ਹੈ। ॥184-185॥

ਇਹਨਾਂ ਸਭ ਵਿਮਾਨਾਂ ਵਿੱਚ ਦੇਵਤਿਆਂ ਦੀ ਉਮਰ 33 ਸਾਗਰੋਪਮ ਆਖੀ ਗਈ ਹੈ। ਸਰਵਾਰਥਸਿਧ ਵਿਮਾਨ ਦੇ ਦੇਵਤੇ ਦੀ ਉਮਰ 33 ਸਾਗਰੋਪਮ ਹੈ ਇਸ ਵਿੱਚ ਘੱਟ ਜਾਂ ਵੱਧ ਦਾ ਕੋਈ ਭੇਦ ਨਹੀਂ। ॥186॥

ਅਨੁੱਤਰ ਦੇਵ ਵਿਮਾਨਾਂ ਦੇ ਆਕਾਰ ਹੇਠਾਂ ਤੋਂ ਉੱਪਰ ਦੋ ਦੋ ਕਲਪ ਜੋੜੇ ਅੱਧੇ ਚੰਦਰਮਾਂ ਦੇ ਆਕਾਰ ਵਾਲੇ ਹੁੰਦੇ ਹਨ ਅਤੇ ਵਿਚਕਾਰਲੇ ਚਾਰ ਕਲਪ ਪੂਰਨ ਚੰਦਰਮਾਂ ਦੇ ਆਕਾਰ ਵਾਲੇ ਹੁੰਦੇ ਹਨ। ॥187॥

ਤਿੰਨ ਤਿੰਨ ਪੰਗਤਾਂ ਵਿੱਚ ਗ੍ਰੇਵੇਯਕ ਦੇਵਤਿਆਂ ਦੇ ਵਿਮਾਨ ਹੁੰਦੇ ਹਨ। ਅਨੁਤਰੋਪਪਾਤਿਕ ਦੇਵਤਿਆਂ ਦੇ ਵਿਮਾਨ ਹੁਲਕ (ਫੁਲ) ਦੇ ਆਕਾਰ ਵਾਲੇ ਹੁੰਦੇ ਹਨ। ॥188॥

## ਵੇਮਾਨਕ ਦੇਵ ਵਿਮਾਨਾ ਦਾ ਆਧਾਰ:

ਸੁਧਰਮ ਅਤੇ ਸ਼ਾਂਤ ਦੋਹਾਂ ਕਲਪਾਂ ਦੇ ਵਿਮਾਨ ਘਨੋਦੱਧੀ ਉਪਰ ਸਥਾਪਤ ਹਨ। ਸਨਤਕੁਮਾਰ, ਮਹਿੰਦਰ ਅਤੇ ਬ੍ਰਹਮਾ ਇਹਨਾਂ ਤਿੰਨਾ ਦੇ ਕਲਪ ਵਿੱਚ ਦੇਵ ਵਿਮਾਨ ਹਵਾ ਪਰ ਸਥਿਤ ਹਨ ਅਤੇ ਲਾਤੰਕ, ਮਹਾਂਸੱਕਰ, ਸਹਸਤਾਰ ਕਲਪ ਇਹਨਾਂ ਤਿੰਨਾ ਦੇ ਵਿਮਾਨ ਘਨੋਦੱਧੀ ਅਤੇ ਘਨਵਾਤ ਦੋਹਾਂ ਤੇ ਆਧਾਰ ਤੇ ਸਥਿਤ ਹਨ। ॥189॥

ਉਸ ਤੋਂ ਬਾਅਦ ਦੇ ਸਾਰੇ ਵਿਮਾਨ ਉੱਪਰ ਖਾਲੀ ਜਗ੍ਹਾ ਤੇ ਸਥਿਤ ਹਨ। ਉਪਰਲੇ ਲੋਕ ਵਿੱਚ ਵਿਮਾਨਾਂ ਦੀ ਸਥਿਤੀ ਇਸ ਪ੍ਰਕਾਰ ਆਖੀ ਗਈ ਹੈ। ॥190॥

## ਦੇਵਤਿਆਂ ਦੀ ਲੇਸ਼ਿਆਵਾਂ (ਮਨ ਦੀ ਅਵਸਥਾ):

ਭਵਨਪਤੀ ਅਤੇ ਵੇਅੰਤਰਿਕ ਦੇਵਤਿਆਂ ਵਿੱਚ ਕ੍ਰਿਸ਼ਨ (ਕਾਲਾ), ਨੀਲ ਅਤੇ ਕਪੋਤ (ਕਬੂਤਰ ਦੇ ਰੰਗ ਵਰਗਾ) ਅਤੇ ਤੇਜੋ ਲੇਸ਼ਿਆ ਹੁੰਦੀ ਹੈ। ॥191॥

ਇਹ ਸਨਤਕੁਮਾਰ, ਮਹਿੰਦਰ ਅਤੇ ਬ੍ਰਹਮ ਲੋਕ ਵਿੱਚ ਪਦਮ ਲੇਸ਼ਿਆ ਵਾਲੇ ਹੁੰਦੇ ਹਨ। ਇਹਨਾਂ ਦੇ ਉੱਪਰ ਦੇ ਵਿਮਾਨਾਂ ਵਿੱਚ ਸ਼ੁਕਲ (ਸਫੈਦ) ਲੇਸ਼ਿਆ ਹੁੰਦੀ ਹੈ। ॥192॥

ਸੁਧਰਮ ਅਤੇ ਈਸ਼ਾਨ ਦੋਹਾਂ ਕਲਪਾਂ ਵਾਲੇ ਦੇਵਤਿਆਂ ਦੇ ਰੰਗ ਤਪੇ ਹੋਏ ਸੋਨੇ ਵਰਗੇ ਹੁੰਦੇ ਹਨ। ਸਨਤਕੁਮਾਰ, ਮਹਿੰਦਰ ਅਤੇ ਬ੍ਰਹਮ ਇਹਨਾਂ ਤਿੰਨਾ ਕਲਪਾ ਦੇ ਦੇਵਤਿਆਂ ਦੇ ਰੰਗ ਪਦਮ ਦੀ ਤਰ੍ਹਾਂ ਗੋਰੇ ਹੁੰਦੇ ਹਨ। ਉਹਨਾਂ ਦੇ ਉੱਪਰ ਦੇ ਦੇਵ ਸ਼ੁਕਲ (ਸਫੈਦ) ਰੰਗ ਦੇ ਹੁੰਦੇ ਹਨ। ॥193॥

## ਦੇਵਤਿਆਂ ਦੀ ਉਚਾਈ:

ਭਵਨਪੱਤੀ, ਵਾਨਵਿਅੰਤਰ ਅਤੇ ਜ਼ਯੋਤਿਸ਼ ਦੇਵਤਿਆਂ ਦੀ ਉਚਾਈ 7 ਰਤਨ ਪਰਮਾਨ ਹੁੰਦੀ ਹੈ। ਹੇ ਸੁੰਦਰੀ! ਹੁਣ ਉੱਚੇ ਕਲਪਪਤੀ ਦੇਵਾਂ ਦੀ ਉਚਾਈ ਸੁਣੋ। ॥194॥

ਸੁੱਧਰਮ ਅਤੇ ਈਸ਼ਾਨ ਦੇ 7 ਰਤਨੀ ਪ੍ਰਮਾਨ ਉਚਾਈ ਵਾਲੇ ਹੁੰਦੇ ਹਨ। ਦੋ ਦੋ ਕਲਪ ਸਮਾਨ ਹੁੰਦੇ ਹਨ ਅਤੇ ਦੋ ਦੋ ਵਿੱਚ ਇੱਕ ਰਤਨੀ ਘੱਟ ਹੁੰਦਾ ਜਾਂਦਾ ਹੈ। ॥195॥

ਗ੍ਰੇਵੇਯਕਾਂ ਵਿੱਚ ਦੋ ਰਤਨੀ ਪ੍ਰਮਾਨ ਵਾਲੇ ਦੇਵਤੇ ਹੁੰਦੇ ਹਨ। ਅਨੁੱਤਰ ਵਿਮਾਨ ਵਾਸੀ ਦੇਵਤਿਆਂ ਦੀ ਉਚਾਈ ਇੱਕ ਰਤਨੀ ਪ੍ਰਮਾਨ ਹੁੰਦੀ ਹੈ। ॥196॥

ਇੱਕ ਕਲਪ ਤੋਂ ਦੂਸਰੇ ਕਲਪ ਵਿੱਚ ਦੇਵਤਿਆਂ ਦੀ ਉਮਰ ਇੱਕ ਸਾਗਰੋਪਮ ਜਿਆਦਾ ਹੁੰਦੀ ਹੈ ਅਤੇ ਉਸ ਕਲਪ ਦੀ ਉਚਾਈ ਉਸ ਦੇ ਗਿਆਰਵੇਂ ਭਾਗ ਤੋਂ ਘੱਟ ਹੁੰਦੀ ਹੈ। ॥197॥

ਵਿਮਾਨਾਂ ਦੀ ਜੋ ਉਚਾਈ ਹੈ ਅਤੇ ਉਹਨਾਂ ਦੀ ਪ੍ਰਿਥਵੀ ਦੀ ਜੋ ਮੋਟਾਈ ਹੈ ਉਹਨਾਂ ਦੋਵਾਂ ਦਾ ਪ੍ਰਮਾਨ 32 ਸੋ ਯੋਜਨ ਹੁੰਦਾ ਹੈ। ॥198॥

## ਦੇਵਤਿਆਂ ਦੀ ਕਾਮ ਭੋਗ:

ਭਵਨਪਤੀ, ਵਾਨਵਿਂਅੰਤਰ, ਅਤੇ ਜ਼ਯੋਤਿਸ਼ ਦੇਵਤਿਆਂ ਦੀ ਕਾਮ ਕ੍ਰੀੜਾ ਸਰੀਰਕ ਹੁੰਦੀ ਹੈ। ਹੇ ਸੁੰਦਰੀ! ਹੁਣ ਮੈਂ ਕਲਪ ਪਤੀਆਂ ਦੀ ਕਾਮ ਕ੍ਰੀੜਾ ਬਾਰੇ ਵਿਧੀ ਅਨੁਸਾਰ ਆਖਾਗਾਂ। ॥199॥

ਸੁੱਧਰਮ ਅਤੇ ਸ਼ਾਂਤ ਕਲਪਾਂ ਵਿੱਚ ਜੋ ਦੇਵ ਹਨ। ਉਹਨਾਂ ਦੀ ਕਾਮ ਕ੍ਰੀੜਾ ਸਰੀਰ ਰਾਹੀਂ ਹੁੰਦੀ ਹੈ। ਸਨਤਕੁਮਾਰ, ਮਹਿੰਦਰ ਕਲਪਾਂ ਵਿੱਚ ਜੋ ਦੇਵਤੇ ਹਨ। ਉਹਨਾਂ ਦੀ ਕਾਮ ਕ੍ਰੀੜਾ ਸ਼ਪਰਸ ਨਾਲ ਹੁੰਦੀ ਹੈ। ॥200॥

ਬ੍ਰਹਮ ਅਤੇ ਲਾਤੰਕ ਕਲਪ ਵਿੱਚ ਜੋ ਦੇਵਤੇ ਹਨ ਉਹਨਾਂ ਦੀ ਕਾਮ ਕ੍ਰੀੜਾ ਰੂਪ ਰਾਹੀਂ ਹੁੰਦੀ ਹੈ। ॥201॥

ਆਨਤ, ਪ੍ਰਾਨਤ ਕਲਪ ਵਿੱਚ ਅਤੇ ਆਰਨ ਅਚੁਯਤ ਕਲਪਾਂ ਵਿੱਚ ਜੋ ਦੇਵ ਹਨ। ਉਹ ਮਨ ਰਾਹੀਂ ਕਾਮ ਕ੍ਰੀੜਾ ਕਰਦੇ ਹਨ, ਜੋ ਬਾਕੀ ਦੇਵ ਹਨ ਉਹ ਕਾਮ ਕ੍ਰੀੜਾ ਨਹੀਂ ਕਰਦੇ। ॥202॥

## ਦੇਵਤਿਆਂ ਦੀ ਗੰਧ ਅਤੇ ਦ੍ਰਿਸ਼ਟੀ:

ਗੋਸ਼ੀਰਸ਼, ਅਗਰੂ, ਕੇਤਕੀ ਦੇ ਪੱਤੇ, ਪੂਨਾਗ ਦੇ ਫੁਲ, ਬਕੂਲ (ਫੁਲ) ਦੀ ਗੰਧ, ਚੰਪਕ ਅਤੇ ਕਮਲ ਦੀ ਗੰਧ ਅਤੇ ਤਗਰ ਆਦਿ ਦੀ ਸੁਗੰਧ ਦੇਵਤਿਆਂ ਵਿੱਚ ਹੁੰਦੀ ਹੈ। ॥203॥

ਇਹ ਗੰਧ ਵਿੱਧੀ ਸੰਖੇਪ ਵਿੱਚ ਉਪਮਾਂ ਦੇ ਰਾਹੀਂ ਆਖੀ ਗਈ ਹੈ। ਦੇਵਤਾ ਦ੍ਰਸ਼ਟੀ ਪੱਖੋਂ ਸਥਿਰ ਅਤੇ ਸਪਰਸ਼ ਪੱਖੋਂ ਕੋਮਲ ਹੁੰਦੇ ਹਨ। ॥204॥

ਓਰਧਵ ਲੋਕ ਵਿੱਚ ਵਿਮਾਨਾਂ ਦੀ ਸੰਖਿਆ 84 ਲੱਖ 97 ਹਜ਼ਾਰ 23 ਆਖੀ ਗਈ ਹੈ। ॥ 205॥

ਇਹਨਾਂ ਵਿੱਚ ਫੁੱਲ ਦੀ ਸ਼ਕਲ ਵਾਲੇ ਵਿਮਾਨਾਂ ਦੀ ਸੰਖਿਆ 86 ਲੱਖ 89 ਹਜ਼ਾਰ 149 ਆਖੀ ਗਈ ਹੈ। ॥206॥

ਸ਼੍ਰੇਣੀਵੱਧ ਵਿਮਾਨ 7 ਹਜ਼ਾਰ 874 ਹੁੰਦੇ ਹਨ, ਬਾਕੀ ਵਿਮਾਨ ਫੁੱਲ ਦੀ ਡੰਡੀ ਦੇ ਆਕਾਰ ਵਾਲੇ ਹੁੰਦੇ ਹਨ। ॥207॥

ਵਿਮਾਨਾਂ ਦੀ ਪੰਗਤ ਦਾ ਅੰਤਰ ਨਿਸ਼ਚੈ ਪੱਖੋਂ ਅਸੰਖਿਆਤ ਯੋਜਨ ਆਖਿਆ ਗਿਆ ਹੈ ਅਤੇ ਫੁੱਲ ਦੀ ਡੰਡੀ ਦੇ ਆਕਾਰ ਵਾਲੇ ਵਿਮਾਨਾਂ ਦਾ ਫਰਕ ਸੰਖਿਆਤ ਅਸੰਖਿਆਤ ਯੋਜਨ ਆਖੀਆ ਗਿਆ ਹੈ। ॥208॥

## ਆਵਲਿਕ ਵਿਮਾਨਾਂ ਦਾ ਆਕਾਰ ਅਤੇ ਕ੍ਰਮ:

ਆਵਲਿਕਾ (ਪ੍ਰਵੇਸ਼) ਵਿਮਾਨ ਗੋਲਾਕਾਰ, ਤ੍ਰਿਭੁਜ ਆਕਾਰ ਅਤੇ ਚਤਰਭੁਜ ਆਕਾਰ ਵਾਲੇ ਹੁੰਦੇ ਹਨ। ਫਿਰ ਫੁੱਲ ਦੀ ਡੰਡੀ ਵਾਲੇ ਵਿਮਾਨ ਅਨੇਕਾਂ ਪ੍ਰਕਾਰ ਦੇ ਆਖੇ ਗਏ ਹਨ। ॥209॥

ਝਰਤੁਲ ਆਕਾਰ ਵਿਮਾਨ ਦਾ ਅਕਾਰ ਕੰਕਨ ਦੀ ਤਰ੍ਹਾਂ ਤਿੰਨ ਕੌਣ ਵਾਲੇ ਵਿਮਾਨ ਸ਼੍ਰੰਗਾਟਕ ਦੀ ਤਰ੍ਹਾਂ ਚਾਰ ਕੌਣ ਵਾਲੇ ਵਿਮਾਨ ਅਖਾੜੇ ਦੇ ਆਕਾਰ ਵਾਲੇ ਆਖੇ ਗਏ ਹਨ। ॥210॥

ਪਹਿਲਾਂ ਵਰਤੁਲ ਆਕਾਰ ਵਿਮਾਨ ਉਸ ਤੋਂ ਬਾਅਦ ਤ੍ਰਿਭੁਜ ਆਕਾਰ ਵਿਮਾਨ, ਉਸ ਤੋਂ ਬਾਅਦ ਚਾਰ ਕੌਣ ਵਾਲੇ ਵਿਮਾਨ ਹੁੰਦੇ ਹਨ। ਫਿਰ ਇੱਕ ਦੇ ਫਰਕ ਤੋਂ ਬਾਅਦ ਦੁਬਾਰਾ ਚਾਰ ਕੌਣੇ, ਫਿਰ ਵਰਤੁਲ ਆਕਾਰ, ਫਿਰ ਤ੍ਰਿਭੁਜ ਆਕਾਰ ਵਾਲੇ ਵਿਮਾਨ ਹੁੰਦੇ ਹਨ। ॥211॥

ਵਿਮਾਨਾਂ ਦੀ ਪੰਗਤ ਵਰਤੁਲ ਆਕਾਰ ਦੇ ਉੱਪਰ ਵਰਤੁਲ ਆਕਾਰ, ਤ੍ਰਿਭੁਜ ਆਕਾਰ ਦੇ ਉੱਪਰ ਤ੍ਰਿਭੁਜ ਆਕਾਰ ਅਤੇ ਚਤਰਭੁਜ ਆਕਾਰ ਦੇ ਉੱਪਰ ਚਤਰਭੁਜ ਆਕਾਰ ਹੁੰਦੀ ਹੈ।॥ 212॥

ਸਾਰੇ ਵਿਮਾਨਾਂ ਦਾ ਸਹਾਰਾ ਰੱਜੂ (ਪੈਮਾਨਾ ਵਿਸ਼ੇਸ਼) ਉੱਪਰ ਤੋਂ ਹੇਠਾਂ ਤੱਕ ਅਤੇ ਇੱਕ ਕਿਨਾਰੇ ਤੋਂ ਦੁਸਰੇ ਕਿਨਾਰੇ ਤੱਕ ਬਰਾਬਰ ਹੁੰਦਾ ਹੈ। ॥213॥

ਕਲਪਪਤੀ ਵਿਮਾਨਾਂ ਦਾ ਸਰੂਪ ਸਾਰੇ ਵਰਤੁਲ ਆਕਾਰ ਵਿਮਾਨ ਪਰਾਕਾਰ ਨਾਲ ਘਿਰੇ ਹੁੰਦੇ ਹਨ ਅਤੇ ਚਾਰ ਕੌਣ ਵਾਲੇ ਵਿਮਾਨ ਚਾਰੇ ਦਿਸ਼ਾ ਵਿੱਚ ਬੇਦੀ ਵਾਲੇ ਆਖੇ ਗਏ ਹਨ। ॥214॥

ਜਿਸ ਪਾਸੇ ਵਰਤੁਲ ਆਕਾਰ ਵਿਮਾਨ ਹੁੰਦੇ ਹਨ, ਉੱਧਰ ਹੀ ਤ੍ਰਿਭੁਜ ਆਕਾਰ ਵਿਮਾਨਾਂ ਦੀ ਬੇਦੀ ਹੁੰਦੀ ਹੈ। ਪਿਛਲੇ ਹਿੱਸੇ ਵਿੱਚ ਪਰਾਕਾਰ ਹੁੰਦੇ ਹਨ। ॥215॥

ਸਾਰੇ ਵਰਤੁਲ ਆਕਾਰ ਵਿਮਾਨ ਇੱਕ ਦਰਵਾਜੇ ਵਾਲੇ ਹੁੰਦੇ ਹਨ। ਤ੍ਰਿਭੁਜ ਆਕਾਰ ਵਿਮਾਨ ਵਿੱਚ ਤਿੰਨ ਦਰਵਾਜੇ ਅਤੇ ਚਤਰਭੁਜ ਵਿਮਾਨਾਂ ਵਿੱਚ ਚਾਰ ਦਰਵਾਜੇ ਹੁੰਦੇ ਹਨ। ॥216॥

ਭਵਨਪਤੀ ਦੇਵਾਂ ਦੇ 7 ਕਰੋੜ 72 ਲੱਖ ਭਵਨ ਹੁੰਦੇ ਹਨ ਇਹ ਭਵਨਾਂ ਦਾ ਸੰਖੇਪ ਕਥਨ ਹੈ। ॥217॥

ਤ੍ਰੀਯੰਚ ਲੋਕ ਵਿੱਚ ਉਤਪਨ ਹੋਣ ਵਾਲੇ ਵਾਨਵਿੰਤਰ ਦੇਵਤਿਆਂ ਦੇ ਅਸੰਖਿਆਤ ਭਵਨ ਹੁੰਦੇ ਹਨ। ਉਸ ਤੋਂ ਸੰਖਿਆਤ ਗੁਣਾ ਜ਼ਿਆਦਾ ਜ਼ਯੋਤਿਸ ਦੇਵਾਂ ਦੇ ਵਿਮਾਨ ਹੁੰਦੇ ਹਨ। ॥218॥

ਵਿਮਾਨ ਵਾਸੀ ਦੇਵ ਘੱਟ ਗਿਣਤੀ ਹਨ। ਉਹਨਾਂ ਦੇ ਪੱਖੋਂ ਵਿਅੰਤਰ ਦੇਵ ਅਸੰਖਿਆਤ ਗੁਣਾ ਜ਼ਿਆਦਾ ਹਨ। ਉਹਨਾਂ ਤੋਂ ਸੰਖਿਆਤ ਗੁਣਾਂ ਜ਼ਿਆਦਾ ਜ਼ਯੋਤਿਸ਼ ਦੇਵ ਹਨ। ॥219॥

## ਵੇਮਾਨਿਕ ਦੇਵੀਆਂ ਦੀ ਵਿਮਾਨ ਸੰਖਿਆ:

ਸੁਧਰਮ ਕਲਪ ਵਿੱਚ ਦੇਵੀਆਂ ਦੇ ਵੱਖ ਵਿਮਾਨਾਂ ਦੀ ਗਿਣਤੀ ਛੇ ਲੱਖ ਹੁੰਦੀ ਹੈ। ਈਸ਼ਾਨ ਕਲਪ ਵਿੱਚ ਚਾਰ ਲੱਖ ਹੁੰਦੀ ਹੈ। ॥220॥

## ਅੱਨੁਤਰ ਦੇਵਾਂ ਦੇ ਵਿਮਾਨਾਂ ਦੀ ਗਿਣਤੀ, ਸ਼ਬਦ, ਸੁਭਾਵ:

ਪੰਜ ਪ੍ਰਕਾਰ ਦੇ ਅੱਨੁਤਰ ਦੇਵ, ਗਤੀ, ਜਾਤੀ ਅਤੇ ਦ੍ਰਿਸ਼ਟੀ ਦੇ ਪੱਖੋਂ ਉੱਤਮ ਹਨ ਅਤੇ ਉੱਤਮ ਵਿਸੇ ਸੁਖ ਨੂੰ ਪ੍ਰਾਪਤ ਕਰਦੇ ਹਨ। ॥221॥

ਅੱਨੁਤਰ ਵਿਮਾਨ ਦੇਵਤਿਆਂ ਦੇ ਜਿਸ ਪ੍ਰਕਾਰ ਸਰਵ ਉੱਤਮ ਗੰਧ, ਰੂਪ ਅਤੇ ਸ਼ਬਦ ਹੁੰਦੇ ਹਨ ਉਸੇ ਪ੍ਰਕਾਰ ਅਚਿਤ ਪੁਦਗਲਾਂ ਦੇ ਵੀ ਸਰਵ ਉੱਤਮ ਰਸ, ਸਪਰਸ਼ ਅਤੇ ਗੰਧ ਹੁੰਦੀ ਹੈ। ॥222॥

ਜਿਵੇਂ ਭੰਵਰਾ ਚਮਕਦਾਰ ਕਲੀ, ਵਿਕਾਸ਼ ਨੂੰ ਪ੍ਰਾਪਤ ਕਮਲ ਅਤੇ ਮਕਰੰਦ ਦੇ ਉੱਤਮ ਫੁੱਲਾਂ ਦਾ ਸੁਖ ਪੂਰਵਕ ਰਸ ਪੀਂਦਾ ਹੈ ਉਸੇ ਪ੍ਰਕਾਰ ਦੇਵਤਾ ਵੀ ਪੁਦਗਲ ਵਿਸ਼ੀਆਂ ਦਾ ਸੇਵਨ ਕਰਦੇ ਹਨ। ॥223॥

ਹੇ ਸੁੰਦਰੀ! ਉਹ ਸਾਰੇ ਦੇਵਤੇ ਉੱਤਮ ਕਮਲ ਦੀ ਤਰ੍ਹਾਂ ਗੋਰੇ ਰੰਗ ਵਾਲੇ, ਇੱਕ ਹੀ ਉਤਪਤੀ ਸਥਾਨ ਵਿੱਚ ਨਿਵਾਸ ਕਰਨ ਵਾਲੇ, ਭਾਵ ਜਨਮ ਲੈਣ ਵਾਲੇ ਹੁੰਦੇ ਹਨ ਅਤੇ ਉਹ ਉਸ ਉਤਪਤੀ ਸਥਾਨ ਤੋਂ ਮੁੱਕਤ ਹੋ ਕੇ ਸੁਖ ਦਾ ਅਨੁਭਵ ਕਰਦੇ ਹਨ। ॥224॥

## ਦੇਵਤਿਆਂ ਦਾ ਭੋਜਨ ਅਤੇ ਉਛਵਾਸ:

ਹੇ ਸੁੰਦਰੀ! ਅੱਨੁਤਰ ਵਿਮਾਨ ਵਾਸੀ ਦੇਵਤੇ 33 ਹਜ਼ਾਰ ਸਾਲ ਪੂਰੇ ਹੋਣ ਤੇ ਭੋਜਨ ਕਰਨ ਦੀ ਇੱਛਾ ਗ੍ਰਹਿਣ ਕਰਦੇ ਹਨ। ॥225॥

ਵਿਚਕਾਰਲੀ ਉੱਮਰ ਨੂੰ ਧਾਰਨ ਕਰਨ ਵਾਲੇ ਦੇਵਤੇ 16 ਹਜ਼ਾਰ 500 ਸਾਲ ਪੂਰੇ ਹੋਣ ਤੇ ਭੋਜਨ ਗ੍ਰਹਿਣ ਕਰਦੇ ਹਨ। ॥226॥

ਜੋ ਦੇਵਤੇ 10 ਹਜ਼ਾਰ ਸਾਲ ਦੀ ਉੱਮਰ ਨੂੰ ਧਾਰਨ ਕਰਦੇ ਹਨ। ਉਹ ਇੱਕ ਇੱਕ ਦਿਨ ਦੇ ਫਰਕ ਨਾਲ ਅਪਣਾ ਭੋਜਨ ਕਰਦੇ ਹਨ। ॥227॥

ਹੇ ਸੁੰਦਰੀ! ਇੱਕ ਸਾਲ 4 ½ ਮਹੀਨੇ ਵਿੱਚ ਅੱਨੁਤਰ ਵਿਮਾਨ ਵਾਸੀ ਦੇਵਾਂ ਦਾ ਉਛਵਾਸ ਹੁੰਦਾ ਹੈ। ॥228॥

ਹੇ ਪੁੱਤਰ ਵਾਲੀ! ਵਿਚਕਾਰਲੀ ਉੱਮਰ ਨੂੰ ਧਾਰਨ ਕਰਨ ਵਾਲੇ ਦੇਵਤਾ 8 ਮਹੀਨੇ 7 ½ ਦਿਨ ਹੋਣ ਤੇ ਉਛਵਾਸ ਧਾਰਨ ਕਰਦੇ ਹਨ। ॥229॥

ਹੇ ਚੰਦਰ ਮੁੱਖੀ! ਘੱਟ ਉੱਮਰ ਨੂੰ ਧਾਰਨ ਕਰਨ ਵਾਲੇ ਦੇਵਤਿਆਂ ਦਾ ਉੱਛਵਾਸ 7 ਸਤੋਕ (ਕਾਲ ਮਾਪ ਦਾ ਪੈਮਾਨਾ) ਦੇ ਪੂਰਾ ਹੋਣ ਤੇ ਹੁੰਦਾ ਹੈ। ॥230॥

ਦੇਵਤਿਆਂ ਦੀ ਜਿਨੇ ਸਾਗਰੋਪਮ ਦੀ ਉੱਮਰ ਹੈ, ਉਨੇ ਹੀ ਪੱਖਾਂ ਵਿੱਚ ਉਹ ਸਾਹ ਲੈਂਦੇ ਹਨ ਅਤੇ ਉਨੇ ਹੀ ਹਜ਼ਾਰ ਵਰਸ਼ ਉਹਨਾਂ ਵਿੱਚ ਭੋਜਨ ਗ੍ਰਹਿਣ ਕਰਨ ਦੀ ਇੱਛਾ ਜਾਗਦੀ ਹੈ। ॥231॥

ਇਹ ਦੇਵਤਿਆਂ ਦੇ ਭੋਜਨ ਅਤੇ ਉਛਵਾਸ ਦਾ ਮੇਰੇ ਰਾਹੀਂ ਸੰਖੇਪ ਵਿੱਚ ਵਰਨਣ ਕੀਤਾ ਗਿਆ ਹੈ। ਹੇ ਸੁੰਦਰੀ! ਹੁਣ ਛੇਤੀ ਹੀ ਇਹਨਾਂ ਦੇ ਸੁਖਮ ਅੰਤਰ ਨੂੰ ਕ੍ਰਮਵਾਰ ਆਖਾਂਗਾ। ॥232॥

## ਵੇਮਾਨਿਕ ਦੇਵਾਂ ਦਾ ਅੱਵਧੀ ਗਿਆਨ ਦਾ ਵਿਸ਼ਾ:

ਹੇ ਸੁੰਦਰੀ! ਇਹਨਾਂ ਦੇਵਾਂ ਦਾ ਜੋ ਵਿਸ਼ਾ ਜਿਨੀ ਅੱਵਧੀ ਦਾ ਹੁੰਦਾ ਹੈ, ਉਸ ਨੂੰ ਮੈਂ ਕ੍ਰਮਵਾਰ ਵਰਨਣ ਕਰਾਂਗਾ। ॥233॥

ਸੋਧਰਮ ਅਤੇ ਈਸ਼ਾਨ ਦੇਵਤੇ ਹੇਠਾਂ ਵੱਲ ਪਹਿਲੀ ਨਰਕ ਤੱਕ, ਸਨਤਕੁਮਾਰ ਅਤੇ ਮਹਿੰਦਰ ਦੂਸਰੀ ਨਰਕ ਤੱਕ, ਬ੍ਰਹਮ ਅਤੇ ਲਾਤੰਕ ਤਿਸਰੀ ਨਰਕ ਤੱਕ, ਸ਼ੁਕਰ ਤੇ ਸ਼ਹਿਸਤਾਰ ਛੋਤੀ ਨਰਕ ਤੱਕ, ਆਨਤ ਅਤੇ ਪ੍ਰਾਨਤ ਕਲਪ ਦੇ ਦੇਵਤੇ ਪੰਜਵੀਂ ਨਰਕ ਭੂਮੀ ਨੂੰ ਵੇਖਦੇ ਹਨ। ਉਸੇ ਪ੍ਰਕਾਰ ਆਰਨ ਅਤੇ ਅਚੂਯਤ ਦੇਵਤੇ ਵੀ ਪੰਜਵੀਂ ਪ੍ਰਿਥਵੀ ਤੱਕ ਹੇਠਲੇ ਅਤੇ ਦਰਮਿਆਨੇ ਗ੍ਰੇਵਯਕ ਦੇਵ ਛੇਵੀਂ ਨਰਕ ਤੱਕ ਉੱਪਰ ਸਥਿਤ ਗ੍ਰੇਵਯਕ ਦੇਵ ਸੱਤਵੀ ਨਰਕ ਤੱਕ ਅਤੇ ਪੰਜ ਅੱਨੁਤਰ ਦੇਵ ਅੱਵਧੀ ਗਿਆਨ ਰਾਹੀਂ ਸੰਪੂਰਨ ਲੋਕ ਨਾੜੀ ਨੂੰ ਵੇਖਦੇ ਹਨ। ॥234-236॥

ਅੱਧਾ ਸਾਗਰੋਪਮ ਤੋਂ ਘੱਟ ਉੱਮਰ ਵਾਲੇ ਦੇਵਤਿਆਂ ਦਾ ਅੱਵਧੀ ਗਿਆਨ ਦਾ ਵਿਸ਼ਾ ਤ੍ਰਿਯਨਕ ਦਿਸ਼ਾ ਵਿੱਚ ਸੰਖਿਆਤ ਯੋਜਨ ਹੁੰਦਾ ਹੈ। ਉਸ ਤੋਂ ਜ਼ਿਆਦਾ 25 ਸਾਗਰੋਪਮ ਉੱਮਰ ਵਾਲੇ ਦੇਵਤਿਆਂ ਦੇ ਅੱਵਧੀ ਗਿਆਨ ਦਾ ਵਿਸ਼ਾ ਵੀ ਘੱਟ ਤੋਂ ਘੱਟ ਸੰਖਿਆਤ ਯੋਜਨ ਹੁੰਦਾ ਹੈ। ॥237॥

ਉਸ ਤੋਂ ਉੱਪਰ ਦੀ ਉੱਮਰ ਵਾਲੇ ਦੇਵਤੇ ਤ੍ਰਿਯਨਕ ਦਿਸ਼ਾ ਵਿੱਚ ਅਸੰਖਿਆਤ ਦੀਪ ਅਤੇ ਸਮੁੰਦਰਾਂ ਨੂੰ ਜਾਂਦੇ ਹਨ। ਅਪਣੇ ਤੋਂ ਉੱਪਰ ਵਾਲੇ ਸਭ ਅਪਣੇ ਕਲਪ ਦੇ ਸਤੂਪਾਂ ਦੀ ਉੱਚਾਈ ਤੱਕ ਜਾਂਦੇ ਹਨ। ॥238॥

ਜਨਮ ਤੋਂ ਅੱਵਧੀ ਗਿਆਨ ਲੈਕੇ ਪੈਦਾ ਹੋਣ ਵਾਲੇ ਨਾਰਕੀ, ਦੇਵਤੇ ਅਤੇ ਤੀਰਥੰਕਰ ਹੁੰਦੇ ਹਨ ਉਹ ਪੂਰੀ ਤਰ੍ਹਾਂ ਵੇਖਦੇ ਹਨ ਅਤੇ ਬਾਕੀ ਅੱਵਧੀ ਗਿਆਨ ਵਾਲੇ ਅੰਸ਼ਾਂ ਨਾਲ ਵੇਖਦੇ ਹਨ। ॥239॥

ਮੇਰੇ ਦੁਆਰਾ ਇਹ ਅੱਵਧੀ ਗਿਆਨ ਵਿਸ਼ਾ ਵਰਨਣ ਕੀਤਾ ਗਿਆ ਹੈ। ਹੁਣ ਮੈਂ ਵਿਮਾਨਾਂ ਦੇ ਰੰਗ ਮੋਟਾਈ ਤੇ ਉੱਚਾਈ ਨੂੰ ਆਖਾਗਾ। ॥240॥

27 ਸੌ ਯੋਜਨ ਪ੍ਰਿਥਵੀ ਦੀ ਮੋਟਾਈ ਹੁੰਦੀ ਹੈ, ਸੁਧਰਮ ਅਤੇ ਈਸ਼ਾਨ ਕਲਪਾਂ ਵਿੱਚ ਇਹ ਪ੍ਰਿਥਵੀ ਰਤਨਾਂ ਨਾਲ ਚਿੱਤਰਿਤ ਹੁੰਦੀ ਹੈ। ॥241॥

## ਵੇਮਾਨਿਕ ਦੇਵਾਂ ਦੇ ਵਿਮਾਨ, ਰਿਹਾਇਸ਼, ਮਹਿਲ, ਉੱਮਰ, ਸਾਹ ਅਤੇ ਦੇਹ ਆਦਿ ਦਾ ਵਰਨਣ:

ਸੁੰਦਰ ਮਨੀਆਂ ਦੀਆਂ ਬੇਦੀਆਂ ਨਾਲ ਭਰਪੂਰ, ਵੈਡੂਰੀਆਂ ਮਨੀਆਂ ਨਾਲ ਜੜੀਆਂ ਸਤੂਪਾਂ ਨਾਲ ਭਰਪੂਰ ਰਤਨਾ ਦੀਆਂ ਮਾਲਾ ਅਤੇ ਗਹਿਨੀਆਂ ਨਾਲ ਭਰਪੁਰ ਬਹੁਤ ਪ੍ਰਕਾਰ ਦੇ ਮਹਿਲ ਉਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥242॥

ਉਹਨਾਂ ਵਿੱਚੋਂ ਜੋ ਕਾਲੇ ਰੰਗ ਦੇ ਵਿਮਾਨ ਹਨ। ਉਹ ਸੁਭਾਅ ਤੋਂ ਸੁਰਮੇ ਧਾਤੂ ਵਾਂਗ ਅਤੇ ਬੱਦਲ ਅਤੇ ਕਾਂ ਵਰਗੇ ਰੰਗ ਵਾਲੇ ਹੁੰਦੇ ਹਨ, ਜਿਹਨਾਂ ਵਿੱਚ ਦੇਵਤੇ ਨਿਵਾਸ ਕਰਦੇ ਹਨ। ॥243॥

ਉਹਨਾਂ ਵਿਚ ਜੋ ਹਰੇ ਰੰਗ ਵਾਲੇ ਹਨ ਉਹ ਸੁਭਾਵ ਤੋਂ ਮੇਦਕ ਧਾਤੂ ਦੀ ਤਰ੍ਹਾਂ ਅਤੇ ਮੋਰ ਦੀ ਗਰਦਨ ਦੀ ਤਰ੍ਹਾਂ ਰੰਗ ਵਾਲੇ ਹਨ। ਜਿਹਨਾਂ ਵਿੱਚ ਦੇਵਤੇ ਨਿਵਾਸ ਕਰਦੇ ਹਨ। ॥244॥

ਉਹਨਾਂ ਵਿਚ ਜੋ ਕੋਈ ਦੀਪ ਸ਼ਿਖਾ ਰੰਗ ਵਾਲੇ ਵਿਮਾਨ ਹਨ। ਉਹ ਜਪਾ ਫੁੱਲ ਅਤੇ ਸੂਰਜ ਦੀ ਤਰ੍ਹਾਂ ਅਤੇ ਹਿੰਗੂਲ ਧਾਤ ਦੇ ਸਮਾਨ ਰੰਗ ਵਾਲੇ ਹਨ। ਜਿਹਨਾਂ ਵਿੱਚ ਦੇਵਤੇ ਨਿਵਾਸ ਕਰਦੇ ਹਨ। ॥245॥

ਉਹਨਾਂ ਵਿੱਚ ਜੋ ਕੋਈ ਕੋਰੰਟ ਧਾਤੂ ਦੇ ਰੰਗ ਵਾਲੇ ਵਿਮਾਨ ਹਨ ਉਹ ਖਿਲੇ ਹੋਏ ਫੁੱਲ ਦੀ ਡੰਡੀ ਦੇ ਸਮਾਹ ਅਤੇ ਹਲਦੀ ਦੇ ਰੰਗ ਸਮਾਨ ਪੀਲੇ ਰੰਗ ਵਾਲੇ ਹਨ। ਜਿਹਨਾਂ ਵਿੱਚ ਦੇਵਤੇ ਨਿਵਾਸ ਕਰਦੇ ਹਨ। ॥246॥

ਉਹ ਦੇਵ ਸਮੂਹ ਕਦੇ ਨਾ ਮੁਰਝਾ ਜਾਣ ਵਾਲੀਆਂ ਫੁੱਲ ਮਾਲਾਵਾਂ, ਨਿਰਮ ਦੇਹ ਵਾਲੇ ਸੁਗੰਧਤ ਸਾਹ ਵਾਲੇ, ਸਾਰੇ ਇੱਕੋ ਉਮਰ ਵਾਲੇ ਅਤੇ ਪ੍ਰਕਾਸ਼ਮਾਨ, ਇੱਕ ਟੱਕ ਅੱਖਾਂ ਵਾਲੇ ਹੁੰਦੇ ਹਨ। ॥247॥

ਸਾਰੇ ਦੇਵਤਾ 72 ਕਲਾਵਾਂ ਵਿੱਚ ਵਿਦਵਾਨ ਹੁੰਦੇ ਹਨ। ਜਨਮ ਲੈਣ ਸਮੇਂ ਉਹਨਾਂ ਵਿੱਚ ਪ੍ਰਤੀਪਾਕ ਕ੍ਰਿਆ ਹੁੰਦੀ ਹੈ। ਇਹ ਜਾਣਨਾ ਚਾਹਿਦਾ ਹੈ ਕਿ ਦੇਵ ਗਤੀ ਨੂੰ ਛੱਡ ਕੇ ਉਹ ਨੀਵੀ ਗਤੀ ਵਿੱਚ ਵੀ ਜਨਮ ਲੈਂਦੇ ਹਨ। ॥248॥

ਸ਼ੁਭ ਕਰਮ ਫਲ ਵਾਲੇ ਤੇ ਉਹਨਾਂ ਦੇਵਤਿਆਂ ਦੇ ਸੁਭਾਵਿਕ ਸ਼ਰੀਰ ਵਸਤਰ ਅਤੇ ਗਹਿਣੇ ਤੋਂ ਰਹਿਤ ਹੋ ਜਾਂਦੇ ਹਨ। ਅਪਣੀ ਇੱਛਾ ਅਨੁਸਾਰ ਕਪੜੇ ਗਹਿਣੇ ਧਾਰਨ ਕਰਨ ਵਾਲੇ ਹੁੰਦੇ ਹਨ। ॥249॥

ਉਹ ਦੇਵਤੇ ਮਹਾਂਤਮ, ਵਰਨ, ਅਵਗਾਹਨਾ, ਉਮਰ, ਮਰਿਆਦਾ ਆਦਿ, ਸਥਿਤੀ ਵਿਸ਼ੇਸ਼ ਵਿੱਚ ਹਮੇਸ਼ਾਂ ਗੋਲ ਸਰਸੋਂ ਸਾਮਨ ਇੱਕ ਰੂਪ ਵਾਲੇ ਹੁੰਦੇ ਹਨ। ॥250॥

ਉਹਨਾਂ ਕਲਪਾਂ ਵਿੱਚ ਕਾਲੇ, ਪੀਲੇ, ਲਾਲ ਅਤੇ ਸਫੈਦ 5 ਸੌ ਉੱਚੇ ਮਹਿਲ ਹੁੰਦੇ ਹਨ। ॥251॥

ਉੱਥੇ ਸੇਂਕੜੇ ਮਨੀਆਂ ਨਾਲ ਜੜੇ ਬਹੁਤ ਪ੍ਰਕਾਰ ਦੇ ਆਸਨ, ਸੋਣ ਯੋਗ ਸਥਾਨ ਸੁਸ਼ੋਭਿਤ, ਵਿਸ਼ਾਲ ਰਤਨਾ ਵਾਲੇ ਕੱਪੜੇ, ਮਾਲਾਵਾਂ ਅਤੇ ਗਹਿਣੇ ਹੁੰਦੇ ਹਨ। ॥252॥

ਸਨਤਕੁਮਾਰ ਅਤੇ ਮਹਿੰਦਰ ਕੁਮਾਰ ਕਲਪ ਵਿੱਚ ਪ੍ਰਿਥਵੀ ਦੀ ਮੋਟਾਈ 26 ਸੋ ਯੋਜਨ ਹੁੰਦੀ ਹੈ ਇਹ ਪ੍ਰਿਥਵੀ ਰਤਨਾਂ ਨਾਲ ਜੜੀ ਹੁੰਦੀ ਹੈ। ॥253॥

ਸੁੰਦਰ ਮਨੀਆਂ ਨਾਲ ਭਰਪੂਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੂਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥254॥

ਉੱਥੇ ਉਹਨਾਂ ਕਲਪਾਂ ਵਿੱਚ ਨਿਲੇ, ਲਾਲ, ਪੀਲੇ ਅਤੇ ਸਫੈਦ ਰੰਗ ਵਾਲੇ 6 ਸੋ ਉੱਚੇ ਮਹਿਲ ਸ਼ੁਸੋਭਿਤ ਹੁੰਦੇ ਹਨ। ॥255॥

ਉੱਥੇ ਸੇਂਕੜੇ ਮਨੀਆਂ ਨਾਲ ਜੜੇ ਬਹੁਤ ਪ੍ਰਕਾਰ ਦੇ ਆਸਨ, ਸੋਣ ਯੋਗ ਸਥਾਨ ਸੁਸ਼ੋਭਿਤ, ਵਿਸ਼ਾਲ ਰਤਨਾ ਵਾਲੇ ਕੱਪੜੇ, ਮਾਲਾਵਾਂ ਅਤੇ ਗਹਿਣੇ ਹੁੰਦੇ ਹਨ। ॥256॥

ਬ੍ਰਹਮ ਅਤੇ ਲਾਤੰਕ ਕਲਪ ਵਿੱਚ ਪ੍ਰਿਥਵੀ ਦੀ ਮੋਟਾਈ 25 ਸੋ ਯੋਜਨ ਹੁੰਦੀ ਹੈ। ਇਹ ਪ੍ਰਿਥਵੀ ਰਤਨਾਂ ਨਾਲ ਚਿਤਰਿਤ ਹੁੰਦੀ ਹੈ। ॥257॥

ਸੁੰਦਰ ਮਨੀਆਂ ਨਾਲ ਭਰਪੂਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੂਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥ 258॥

ਉਹਨਾਂ ਕਲਪਾਂ ਵਿੱਚ ਲਾਲ, ਪੀਲੇ ਅਤੇ ਸਫੈਦ ਰੰਗ ਵਾਲੇ 7 ਸੋ ਉੱਚੇ ਮਹਿਲ ਸ਼ੁਸ਼ੋਭਿਤ ਹੁੰਦੇ ਹਨ। ॥259॥

ਸੁੰਦਰ ਮਨੀਆਂ ਨਾਲ ਭਰਪੂਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੂਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥260॥

ਸ਼ੁਕਰ ਅਤੇ ਸਹਿਸਤਾਰ ਕਲਪ ਵਿੱਚ ਪ੍ਰਿਥਵੀ ਦੀ ਮੋਟਾਈ 24 ਸੋ ਯੋਜਨ ਹੁੰਦੀ ਹੈ। ਇਹ ਪ੍ਰਿਥਵੀ ਰਤਨਾਂ ਨਾਲ ਜੜੀ ਹੁੰਦੀ ਹੈ। ॥261॥

ਸੁੰਦਰ ਮਨੀਆਂ ਨਾਲ ਭਰਪੁਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੁਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥262॥

ਉਹਨਾਂ ਕਲਪਾਂ ਵਿੱਚ ਪੀਲੇ ਤੇ ਸਫੈਦ ਰੰਗ ਵਾਲੇ 8 ਸੋ ਉੱਚੇ ਮਹਿਲ ਸ਼ੁਸ਼ੋਭਿਤ ਹੁੰਦੇ ਹਨ। ॥263॥

ਸੁੰਦਰ ਮਨੀਆਂ ਨਾਲ ਭਰਪੁਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੁਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥264॥

ਆਨਤ ਅਤੇ ਪ੍ਰਾਨਤ ਕਲਪ ਵਿੱਚ ਪ੍ਰਿਥਵੀ ਦੀ ਮੋਟਾਈ 23 ਸੋ ਯੋਜਨ ਹੁੰਦੀ ਹੈ। ਇਹ ਪ੍ਰਿਥਵੀ ਰਤਨਾਂ ਨਾਲ ਜੜੀ ਹੁੰਦੀ ਹੈ। ॥265॥

ਸੁੰਦਰ ਮਨੀਆਂ ਨਾਲ ਭਰਪੁਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੁਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥266॥

ਉਹਨਾਂ ਕਲਪਾਂ ਵਿੱਚ ਸੰਖ ਦੀ ਤਰ੍ਹਾਂ ਅਤੇ ਬਰਫ ਦੀ ਤਰ੍ਹਾਂ ਸਫੈਦ ਰੰਗ ਵਾਲੇ 9 ਸੋ ਉੱਚੇ ਮਹਿਲ ਸ਼ੁਸ਼ੋਭਿਤ ਹਨ। ॥267॥

ਸੁੰਦਰ ਮਨੀਆਂ ਨਾਲ ਭਰਪੁਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੁਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥268॥

ਗ੍ਰੇਵਯਕ ਵਿਮਾਨਾਂ ਵਿੱਚ 22 ਸੋ ਯੋਜਨ ਪ੍ਰਿਥਵੀ ਦੀ ਮੋਟਾਈ ਹੁੰਦੀ ਹੈ। ਉਹ ਪ੍ਰਿਥਵੀ ਰਤਨਾਂ ਨਾਲ ਜੜੀ ਹੁੰਦੀ ਹੈ। ॥269॥

ਸੁੰਦਰ ਮਨੀਆਂ ਨਾਲ ਭਰਪੁਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੁਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥270॥

ਉਹਨਾਂ ਗ੍ਰੇਵਯਕ ਕਲਪਾਂ ਵਿੱਚ ਸੰਖ ਦੇ ਸਮਾਨ ਅਤੇ ਬਰਫ ਦੀ ਤਰ੍ਹਾਂ ਸਫੈਦ ਇੱਕ ਹਜ਼ਾਰ ਉੱਚੇ ਮਹਿਲ ਸ਼ੁਸ਼ੋਭਿਤ ਹੁੰਦੇ ਹਨ। ॥271॥

ਸੁੰਦਰ ਮਨੀਆਂ ਨਾਲ ਭਰਪੁਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੁਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥272॥

ਪੰਜ ਅੱਨੁਤਰ ਵਿਮਾਨਾਂ ਵਿੱਚ 21 ਸੋ ਯੋਜਨ ਪ੍ਰਿਥਵੀ ਦੀ ਮੋਟਾਈ ਹੁੰਦੀ ਹੈ। ਇਹ ਪ੍ਰਿਥਵੀ ਰਤਨਾਂ ਨਾਲ ਜੜੀ ਹੁੰਦੀ ਹੈ। ॥273॥

ਸੁੰਦਰ ਮਨੀਆਂ ਨਾਲ ਭਰਪੁਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੁਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥274॥

ਉਹਨਾਂ ਅੱਨੁਤਰ ਵਿਮਾਨਾਂ ਵਿੱਚ ਸੰਖ ਦੇ ਸਮਾਨ ਅਤੇ ਬਰਫ ਦੀ ਤਰ੍ਹਾਂ 11 ਸੋ ਉੱਚੇ ਮਹਿਲ ਸ਼ੁਸ਼ੋਭਿਤ ਹੁੰਦੇ ਹਨ। ॥275॥

ਸੁੰਦਰ ਮਨੀਆਂ ਨਾਲ ਭਰਪੁਰ ਬੇਦੀ ਵਾਲੇ ਵੈਡੂਰੀਆਂ ਮਨੀਆਂ ਦੇ ਸਤੂਪਾਂ ਵਾਲੇ, ਰਤਨਾਂ ਵਾਲੀਆਂ ਮਾਲਾਵਾਂ ਅਤੇ ਗਹਿਣੀਆਂ ਨਾਲ ਭਰਪੁਰ ਮਹਿਲ ਇਹਨਾਂ ਵਿਮਾਨਾਂ ਵਿੱਚ ਹੁੰਦੇ ਹਨ। ॥276॥

## ਸਿੱਧ ਸਿਲਾ ਪ੍ਰਿਥਵੀ ਦੇ ਸਥਾਨ, ਆਕਾਰ ਅਤੇ ਪ੍ਰਮਾਣ:

ਸ੍ਰਵਾਰਥ ਸਿੱਧ ਵਿਮਾਨ ਦੇ ਸਭ ਤੋਂ ਉੱਚੇ ਸਤੂਪ ਦੇ ਅੰਤ ਵਿੱਚ 12 ਯੋਜਨ ਉੱਪਰ ਈਸ਼ਤ ਪ੍ਰਾਗ ਭਾਰਾ ਪ੍ਰਿਥਵੀ ਹੁੰਦੀ ਹੈ। ॥277॥

ਜਿੰਨਦਰਾਂ ਦੇ ਰਾਹੀਂ ਇਹ ਪ੍ਰਿਥਵੀ ਨਿਰਮਲ ਪਾਣੀ ਦੇ ਕਣ, ਬਰਫ, ਗਊ ਦੇ ਦੁੱਧ, ਸਮੁੰਦਰ ਦੇ ਉੱਪਰ ਦੀ ਛੱਗ ਦੇ ਰੰਗ ਵਾਲੀ ਅਤੇ ਉਲਟੇ ਛੱਤਰ ਦੇ ਆਕਾਰ ਵਾਲੀ ਆਖੀ ਗਈ ਹੈ। ॥278॥

ਈਸ਼ਤ ਪ੍ਰਾਗ ਭਾਰਾ ਪ੍ਰਿਥਵੀ ਦੀ 45 ਲੱਖ ਯੋਜਨ ਲੰਬਾਈ, ਚੋੜਾਈ ਹੁੰਦੀ ਹੈ ਅਤੇ ਉਸ ਤੋਂ ਤਿੰਨ ਗੁਣਾਂ ਤੋਂ ਕੁੱਝ ਜਿਆਦਾ ਘੇਰਾ ਹੁੰਦਾ ਹੈ। ਇਸ ਪ੍ਰਕਾਰ ਜਾਣਨਾ ਚਾਹੀਦਾ ਹੈ। ॥279॥

ਇਹ ਘੇਰਾ ਇੱਕ ਕਰੋੜ 42 ਲੱਖ 30 ਹਜ਼ਾਰ 249 ਤੋਂ ਕੁੱਝ ਜਿਆਦਾ ਹੈ। ॥280॥

ਉਹ ਪ੍ਰਿਥਵੀ ਮੱਧ ਭਾਗ ਵਿੱਚ 8 ਯੋਜਨ ਮੋਟਾਈ ਵਾਲੀ ਹੈ ਅਤੇ ਇਹ ਕ੍ਰਮਵਾਰ ਘੱਟਦੇ ਘੱਟਦੇ ਮੱਖੀ ਦੇ ਪੰਖ ਤੋਂ ਵੀ ਪਤਲੀ ਹੋ ਜਾਂਦੀ ਹੈ। ॥281॥

ਉਹ ਪ੍ਰਿਥਵੀ ਸੰਖ, ਸਫੈਦ ਰਤਨ ਅਤੇ ਅਰਜੁਨ ਜੈਸੇ ਰੰਗ ਦੀ ਤਰ੍ਹਾਂ (ਸਫੈਦ ਸੋਨੇ) ਦੇ ਰੰਗ ਵਾਲੀ ਅਤੇ ਉਲਟੇ ਛੱਤਰ ਦੇ ਆਕਾਰ ਵਾਲੀ ਹੈ। ॥282॥

## ਸਿੱਧਾਂ ਦੇ ਸਥਾਨ, ਆਕਾਰ ਅਤੇ ਸ਼ਪਰਸ:

ਸਿੱਧ ਸ਼ਿਲਾ ਦੇ ਉੱਪਰ ਇੱਕ ਯੋਜਨ ਦੇ ਬਾਅਦ ਲੋਕ ਦਾ ਅੰਤ ਹੁੰਦਾ ਹੈ। ਉਸ ਇੱਕ ਯੋਜਨ ਦੇ 16ਵੇਂ ਭਾਗ ਵਿੱਚ ਸਿੱਧ ਸਥਾਨ ਸਥਾਪਤ ਹੈ। ॥283॥

ਉੱਥੇ ਉਹ ਸਿੱਧ ਨਿਸਚੈ ਹੀ ਵੇਦਨਾ (ਕਸ਼ਟ) ਰਹਿਤ, ਮਮਤਾ ਰਹਿਤ, ਲਗਾਉ ਭਾਵ ਰਹਿਤ ਅਤੇ ਸ਼ਰੀਰ ਰਹਿਤ ਘਨੀਭੂਤ ਆਤਮਪ੍ਰਦੇਸ਼ ਤੋਂ ਬਣੇ ਆਕਾਰ ਵਾਲੇ ਹੁੰਦੇ ਹਨ। ॥284॥

ਸਿੱਧ ਕਿਥੇ ਠਹਿਰਦੇ ਹਨ? ਸਿੱਧ ਕਿਥੇ ਸਥਾਪਤ ਹੁੰਦੇ ਹਨ? ਕਿਥੇ ਉਹ ਸ਼ਰੀਰ ਤਿਆਗਦੇ ਹਨ ਅਤੇ ਕਿਥੇ ਜਾਕੇ ਸਿੱਧ ਹੁੰਦੇ ਹਨ? ॥285॥

ਸਿੱਧ ਆਲੋਕ ਵਿੱਚ ਰੁਕਦੇ ਹਨ। ਲੋਕ ਦੇ ਉੱਪਰਲੇ ਅਗਰ ਭਾਗ ਵਿੱਚ ਸਥਾਪਤ ਹੁੰਦੇ ਹਨ ਅਤੇ ਤ੍ਰਿਜੰਕ ਲੋਕ ਵਿੱਚ ਸ਼ਰੀਰ ਨੂੰ ਤਿਆਗ ਕੇ ਉਹ ਲੋਕ ਦੇ ਅਗਰ ਭਾਗ ਵਿੱਚ ਜਾਕੇ ਸਿੱਧ ਹੁੰਦੇ ਹਨ। ॥286॥

ਸ਼ਰੀਰ ਨੂੰ ਛੱਡਦੇ ਸਮੇਂ ਅੰਤਮ ਸਮੇਂ ਜੋ ਸੰਸਥਾਨ (ਆਕਾਰ) ਹੁੰਦਾ ਹੈ ਆਤਮ ਪ੍ਰਦੇਸ਼ਾਂ ਦੇ ਘਨੀਭੂਤ ਹੋ ਕੇ ਉਹੀ ਸੰਸਥਾਨ ਸਿੱਧ ਅਵਸਥਾ ਦਾ ਹੁੰਦਾ ਹੈ। ॥287॥

ਆਖਰੀ ਜਨਮ ਵਿੱਚ ਸ਼ਰੀਰ ਦਾ ਜੋ ਦੀਰਗ ਜਾਂ ਘੱਟ ਪ੍ਰਮਾਣ ਹੁੰਦਾ ਹੈ ਉਸ ਦਾ ਇੱਕ ਤਿਹਾਈ ਭਾਗ ਤੋਂ ਘੱਟ ਸਿੱਧਾਂ ਦੀ ਅਵਗੁਨਾਂ ਹੁੰਦੀ ਹੈ। ॥288॥

ਸਿੱਧਾਂ ਦੀ ਜ਼ਿਆਦਾ ਤੋਂ ਜ਼ਿਆਦਾ ਅਵਗੁਨਾਂ 333 ਧਨੁਸ਼ ਤੋਂ ਕੁੱਝ ਜ਼ਿਆਦਾ ਹੁੰਦੀ ਹੈ। ਇਸ ਪ੍ਰਕਾਰ ਜਾਣਨਾ ਚਾਹੀਦਾ ਹੈ। ॥289॥

ਚਾਰ ਰਤਨੀ[1] ਅਤੇ ਇੱਕ ਰਤਨੀ ਦਾ ਤਿਸਰਾ ਭਾਗ ਘੱਟ ਅਜਿਹੀ ਸਿੱਧਾਂ ਦੀ ਦਰਮਿਆਨੀ ਅਵਗੁਨਾਂ ਆਖੀ ਗਈ ਹੈ। ॥290॥

ਸਿੱਧਾਂ ਦੀ ਇੱਕ ਰਤਨੀ ਅਤੇ 8 ਉਂਗਲ ਤੋਂ ਕੁੱਝ ਜ਼ਿਆਦਾ ਅਵਗੁਨਾਂ ਹੁੰਦੀ ਹੈ ਇਹ ਸਿੱਧਾਂ ਦੀ ਘੱਟ ਅਵਗੁਨਾਂ ਆਖੀ ਗਈ ਹੈ। ॥291॥

ਆਖਰੀ ਜਨਮ ਵਿੱਚ ਸ਼ਰੀਰ ਦੇ ਤਿੰਨ ਭਾਗ ਵਿੱਚੋਂ ਇੱਕ ਭਾਗ ਘੱਟ ਅਵਗੁਨਾਂ ਵਾਲੇ ਸਿੱਧ ਹੁੰਦੇ ਹਨ। ਬੁਢਾਪੇ ਅਤੇ ਮਰਨ ਤੋਂ ਮੁਕਤ ਸਿਧਾਂ ਦਾ ਸੰਸਥਾਨ ਅਨਿਤ ਹੁੰਦਾ ਹੈ। ॥292॥

ਜਿਸ ਸਥਾਨ ਤੇ ਇੱਕ ਸਿਧ ਨਿਵਾਸ ਕਰਦਾ ਹੈ ਉਸੇ ਸਥਾਨ ਤੇ ਸੰਸਾਰ ਤੋਂ ਮੁਕਤ ਅਨੰਤ ਸਿਧ ਨਿਵਾਸ ਕਰਦੇ ਹਨ। ਉਹ ਸਾਰੇ ਲੋਕ ਦੇ ਆਖਰੀ ਹਿੱਸੇ ਨੂੰ ਛੋਹਦੇ ਹੋਏ ਇੱਕ ਦੂਸਰੇ ਦਾ ਅਵਗੁਨ ਕਰਦੇ ਰਹਿੰਦੇ ਹਨ। ॥293॥

ਸ਼ਰੀਰ ਰਹਿਤ, ਗਾੜੇ ਆਤਮ ਪ੍ਰਦੇਸ਼ਾ ਵਾਲੇ, ਨਿਰਾਕਾਰ ਅਤੇ ਸਾਕਾਰ ਗਿਆਨ ਵਾਲੇ ਅਣਗਿਹਲੀ ਰਹਿਤ ਇਹ ਸਿਧਾਂ ਦੇ ਲੱਛਨ ਹਨ। ॥294॥

ਸਿਧ ਆਤਮਾ ਅਪਣੇ ਆਤਮ ਪ੍ਰਦੇਸ਼ਾਂ ਤੋਂ ਅਨੰਤ ਸਿਧਾਂ ਨੂੰ ਸਪਰਸ਼ ਕਰਦੀ ਹੈ। ਦੇਸ਼ ਪ੍ਰਦੇਸ਼ਾਂ ਤੋਂ ਵੀ ਸਿਧ ਅਸੰਖਿਆਤ ਗੁਣਾਂ ਹਨ। ॥295॥

## ਸਿਧਾਂ ਦਾ ਉਪਯੋਗ (ਗਿਆਨ):

ਕੇਵਲ ਗਿਆਨ ਵਿੱਚ ਉਪਯੋਗ ਵਾਲੇ ਸਿਧ ਸਾਰੇ ਪਦਾਰਥਾਂ ਦੇ ਸਾਰੇ ਗੁਣਾਂ ਅਤੇ ਪਰਿਆਏ ਨੂੰ ਜਾਣਦੇ ਹਨ। ਉਹ ਅਨੰਤ ਕੇਵਲ ਦ੍ਰਿਸ਼ਟੀ ਦੇ ਰਾਹੀਂ ਸਭ ਕੁੱਝ ਵੇਖਦੇ ਹਨ। ॥296॥

ਗਿਆਨ ਅਤੇ ਦਰਸ਼ਨ ਇਹਨਾਂ ਦੋਹਾਂ ਉਪਯੋਗਾਂ ਵਿੱਚ ਸਾਰੇ ਕੇਵਲੀ ਦੇ ਇੱਕ ਸਮੇਂ ਵਿੱਚ ਇੱਕ ਹੀ ਉਪਯੋਗ ਹੁੰਦਾ ਹੈ। ਦੋ ਉਪਯੋਗ ਯੁਗਪਗ ਨਹੀਂ ਹੁੰਦੇ ਹਨ। ॥297॥

## ਸਿਧਾਂ ਦੇ ਸੁਖ ਅਤੇ ਉਪਮਾਂ:

ਦੇਵ ਸਮੂਹ ਦੇ ਸਾਰੇ ਕਾਲ, ਸਾਰੇ ਸੁਖਾਂ ਨੂੰ ਅਨੰਤ ਨਾਲ ਗੁਣਾਂ ਕੀਤਾ ਜਾਵੇ ਅਤੇ ਫਿਰ ਅਨੰਤਾਂ ਗੁਣਾ ਨਾਲ ਗੁਣਾਂ ਕੀਤਾ ਜਾਵੇ ਤਾਂ ਵੀ ਉਹ ਸੁਖ ਮੁਕਤੀ ਦੇ ਸੁਖ ਨੂੰ ਪ੍ਰਾਪਤ ਨਹੀਂ ਹੁੰਦੇ ਅਤੇ ਉਹਨਾਂ ਸੁਖਾਂ ਦੀ ਬਰਾਬਰੀ ਨਹੀਂ ਕਰ ਸਕਦੇ। ॥298॥

ਮੁਕਤੀ ਨੂੰ ਪ੍ਰਾਪਤ ਸਿਧਾਂ ਨੂੰ ਜੋ ਅਬੇਵਾਦ ਸੁਖ ਪ੍ਰਾਪਤ ਹੈ। ਉਹ ਸੁਖ ਨਾ ਤਾਂ ਮਨੁੱਖਾਂ ਨੂੰ ਅਤੇ ਨਾ ਹੀ ਸਾਰੇ ਦੇਵਤਿਆਂ ਨੂੰ ਪ੍ਰਾਪਤ ਹੁੰਦਾ ਹੈ। ॥299॥

ਸਿਧਾਂ ਦੀ ਸਾਰੀ ਸੁਖ ਰਾਸ਼ੀ ਨੂੰ, ਸਾਰੇ ਕਾਲ ਨਾਲ ਗੁਣਾਂ ਕਰਕੇ ਉਸ ਨੂੰ ਅਨੰਤ ਵਰਗਮੂਲਾਂ ਨਾਲ ਭਾਗ ਦੇਣ ਤੇ ਜੋ ਰਾਸ਼ੀ ਪ੍ਰਾਪਤ ਹੋਵੇਗੀ ਉਹ ਸਾਰੇ ਅਕਾਸ਼ ਵਿੱਚ ਨਹੀਂ ਸਮਾਏ ਗੀ। ॥300॥

ਜਿਵੇਂ ਕੋਈ ਮਲੇਸ਼ ਅਨੇਕ ਪ੍ਰਕਾਰ ਦੇ ਨਗਰ ਗੁਣਾ ਨੂੰ ਜਾਣਦਾ ਹੋਇਆ ਵੀ ਉਹਨਾਂ ਦਾ ਝੁੱਠੀਆਂ ਉਪਵਾਮਾਂ ਨਾਲ ਕਥਨ ਨਹੀਂ ਕਰ ਸਕਦਾ। ਇਸੇ ਪ੍ਰਕਾਰ ਸਿਧਾਂ ਦਾ

ਸੁੱਖ ਅਨੁਪਮ ਹੈ ਉਸ ਦੀ ਕੋਈ ਉਪਮਾਂ ਨਹੀਂ ਹੈ। ਫਿਰ ਵੀ ਕੁੱਝ ਵਿਸ਼ੇਸ਼ਨਾ ਰਾਹੀਂ ਉਹਨਾਂ ਦੀ ਸਮਾਨਤਾ ਨੂੰ ਆਖਾਂਗਾ ਉਸ ਨੂੰ ਮੇਰੇ ਪਾਸੋਂ ਸੁਣੋ। ॥301-302॥

ਕੋਈ ਪੁਰਸ਼ ਸਭ ਤੋਂ ਉਤਮ ਭੋਜਨ ਨੂੰ ਕਰਕੇ ਜਿਵੇਂ ਭੁੱਖ ਅਤੇ ਪਿਆਸ ਤੋਂ ਮੁਕਤ ਹੋ ਜਾਂਦਾ ਹੈ। ਜਿਵੇਂ ਕਿ ਅਮ੍ਰਿਤ ਨੂੰ ਪਾ ਕੇ ਤ੍ਰਿਪਤ ਹੋਇਆ ਹੋਵੇ। ॥303॥

ਇਸੇ ਪ੍ਰਕਾਰ ਸਾਰੇ ਕਾਲਾਂ ਵਿੱਚ ਤ੍ਰਿਪਤ, ਤੁਲਨਾਂ ਰਹਿਤ, ਸ਼ਾਸ਼ਵਤ ਅਤੇ ਅਵਵਿਯਾਧ ਨਿਰਵਾਨ ਸੁਖ ਨੂੰ ਪ੍ਰਾਪਤ ਕਰ ਕੇ ਸਿਧ ਸੁਖੀ ਰਹਿੰਦੇ ਹਨ। ॥304॥

ਉਹ ਸਿਧ  ਸਿਧ ਹਨ, ਬੁਧ ਹਨ, ਪਾਰਗਤ ਹਨ, ਪ੍ਰੰਪਰਾਗਤ ਹਨ, ਕਰਮ ਰੂਪੀ ਕਵਚ ਤੋਂ ਮੁਕਤ ਅਜਰ, ਅਮਰ ਅਤੇ ਸੰਗ ਰਹਿਤ ਹਨ। ॥305॥

ਜਿਹਨਾਂ ਨੇ ਸਾਰੇ ਦੁੱਖਾਂ ਨੂੰ ਦੂਰ ਕਰ ਦਿੱਤਾ ਹੈ। ਉਹ ਜਾਤੀ, ਜਨਮ ਮਰਨ ਦੇ ਬੰਧਨ ਤੋਂ ਮੁਕਤ, ਸ਼ਾਸ਼ਵਤ ਅਤੇ ਅਵਵਿਯਾਧ ਸੁੱਖ ਨੂੰ ਲਗਾਤਾਰ ਅਨੁਭਵ ਕਰਦੇ ਹਨ। ॥306॥

## ਜਿਨ ਦੇਵਾਂ ਦੀ ਰਿਧੀ:

ਸਾਰੇ ਦੇਵਤਿਆਂ ਦੀ ਅਤੇ ਸਾਰੇ ਕਾਲਾਂ ਦੀ ਜੋ ਰਿਧੀ ਹੈ। ਉਸ ਦਾ ਅਨੰਤ ਗੁਣਾਂ ਵੀ ਜਿਨੰਦਰ ਦੀ ਰਿਧੀ ਦੇ ਅਨੰਤਵੇਂ ਦੇ ਅਨੰਤਵੇਂ ਭਾਗ ਦੇ ਬਰਾਬਰ ਵੀ ਨਹੀਂ ਹੈ। ॥307॥

ਸਮੁਚੇ ਸ਼ਾਨਸ਼ੋਕਤ ਅਤੇ ਰਿਧੀ ਵਾਲੇ ਭਵਨਪਤੀ, ਵਾਨਵਿੰਤਰ, ਜਯੋਤਿਸ਼ ਅਤੇ ਵਿਮਾਨ ਵਾਸੀ ਦੇਵ ਅਰਿਹੰਤ ਨੂੰ ਬੰਦਨਾ ਕਰਨ ਵਾਲੇ ਹੁੰਦੇ ਹਨ। ॥308॥

ਵਾਨਵਿੰਤਰ, ਜਯੋਤਿਸ਼ ਅਤੇ ਵਿਮਾਨ ਵਾਸੀ ਦੇਵ ਅਤੇ ਰਿਸ਼ਿ ਪਾਲੀਤ ਅਪਣੀ ਬੁੱਧੀ ਨਾਲ ਜਿਨੰਦਰ ਦੇਵਾਂ ਦੀ ਮਹਿਮਾਂ ਦਾ ਵਰਨਣ ਕਰਦੇ ਹਨ। ॥309॥

ਵੀਰਾਂ ਅਤੇ ਇੰਦਰਾਂ ਦੀ ਸਤੁਤਿ ਦੇ ਕਰਤਾ ਰਿਸ਼ਿ ਪਾਲ ਦਾ ਕਲਿਆਨ ਹੋਵੇ, ਸਾਰੇ ਇੰਦਰ ਆਦਿ ਜਿਹਨਾਂ ਦੀ ਸਤੁਤਿ ਦੇ ਕੀਰਤਨ ਕਰਦੇ ਹਨ। ਉਹ ਸੁਰ ਅਸੁਰ ਦੇ ਗੁਰੂ ਸਿਧ ਸਿਧੀ ਨੂੰ ਪ੍ਰਦਾਨ ਕਰੇ। ॥310॥

ਇਸ ਪ੍ਰਕਾਰ ਭਵਨਪਤੀ, ਵਾਨਵਿੰਤਰ, ਜਯੋਤਿਸ਼ ਅਤੇ ਵਿਮਾਨ ਵਾਸੀ ਦੇਵ, ਦੇਵ ਨਿਕਾਏ ਦੀ ਸਤੁਤਿ ਪੂਰਨ ਰੂਪ ਵਿੱਚ ਸਮਾਪਤ ਹੋਈ। ॥311॥

# ਇੰਦਰਾਂ ਦੀ ਸਾਰਨੀ

| ਭਵਨਪਤੀ | ਦੱਖਣ ਦੇ ਇੰਦਰ | ਉੱਤਰ ਦੇ ਇੰਦਰ | ਦੱਖਣ ਵੱਲ ਭਵਨ | ਉੱਤਰ ਵੱਲ ਭਵਨ | ਸ਼ਮਾਨਿਕ ਦ. ਦਿ. | ਸਮਾਨਿਕ ਉ. ਦਿ. | ਨਿਵਾਸ |
|---|---|---|---|---|---|---|---|
| ਅਸੁਰ | ਚਮ੍ਰਇੰਦਰ | ਅਸੁਰਦੇਵ | 34 ਲੱਖ | 30 ਲੱਖ | 64 ਹਜ਼ਾਰ | 60 ਹਜ਼ਾਰ | ਅਰੂਣਵਰ ਸਮੁੰਦਰ |
| ਨਾਗ | ਧਰੰਇੰਦਰ | ਭੂਤਾਨੰਦ | 44 | 40 | ਉਹੀ | ਉਹੀ | ਉਹੀ |
| ਸ਼ਪੁਰਨ | ਵੇਨੂਦੇਵ | ਵੇਨੂਦਾਲੀ | 38 | 34 | ਉਹੀ | ਉਹੀ | ਮਨੁਸ਼ਉਤਰ ਪਰਬਤ |
| ਦੀਪ | ਪੂਰਨ | ਵਸ਼ਿਸ਼ਟ | 40 | 36 | ਉਹੀ | ਉਹੀ | ਅਰੂਣਵਰ ਦੀਪ |
| ਉਦਧੀ | ਜਲਕਾਂਤ | ਜਲਪ੍ਰਵ | 40 | 36 | ਉਹੀ | ਉਹੀ | ਅਰੂਣਵਰ ਸਮੁੰਦਰ |
| ਦਿਸ਼ਾ | ਅਮਿਤ ਗਤੀ | ਅਮਿਤਵਾਹਨ | 40 | 36 | ਉਹੀ | ਉਹੀ | ਅਰੂਣਵਰ ਦੀਪ |
| ਵਾਯੂ | ਵੇਲੰਬ | ਪ੍ਰਭੰਜਨ | 50 | 46 | ਉਹੀ | ਉਹੀ | ਮਨੁਸ਼ਉਤਰ ਪਰਬਤ |
| ਸਤੀਨਤ | ਘੋਸ਼ | ਮਹਾਂਘੋਸ਼ | 40 | 36 | ਉਹੀ | ਉਹੀ | ਅਰੂਣਵਰ ਦੀਪ |
| ਵਿਧੁਤ | ਹਰੀਕਾਂਤ | ਹਰੀਸੱਹ | 40 | 36 | ਉਹੀ | ਉਹੀ | ਮਾਲਯਵਤ ਪਰਬਤ |
| ਅਗਨੀ | ਅਗਨੀਸ਼ਿਖ | ਅਗਨੀਮਾਨਵ | 40 | 36 | ਉਹੀ | ਉਹੀ | ਅਰੂਣਵਰ ਦੀਪ |


## ਜ਼ਯੋਤਿਸ਼ ਦੇਵਾਂ ਦੀ ਸਾਰਨੀ

| ਖੇਤਰ | ਚੰਦਰ | ਸੂਰਜ | ਨਛੱਤਰ | ਗ੍ਰਹਿ | ਤਾਰੇ (ਕਰੋੜ X ਕਰੋੜ) |
|---|---|---|---|---|---|
| ਜੰਬੂ ਦੀਪ | 2 | 2 | 56 | 75 | 133940 |
| ਲਵਨ ਸਮੁੰਦਰ | 4 | 4 | 112 | 352 | 367900 |
| ਧਾਤਕੀ ਖੰਡ | 12 | 12 | 336 | 1056 | 803700 |
| ਕਾਲੋਦਧੀ ਸਮੁੰਦਰ | 42 | 42 | 1176 | 3696 | 2812950 |
| ਪੁਸ਼ਕਰ ਦੀਪ | 144 | 144 | 4022 | 12672 | 9644400 |
| ਅਰਧ ਪੁਸ਼ਕਰ ਦੀਪ | 72 | 72 | 2016 | 6336 | 4822200 |
| ਮਨੁੱਖ ਲੋਕ | 132 | 132 | 3696 | 11616 | 8840700 |

## ਵੇਮਾਨਿਕ ਦੇਵ ਸਾਰਨੀ


| ਇੰਦਰ ਦਾ ਨਾਂ | ਵੇਮਾਨ ਦਾ ਆਧਾਰ | ਪ੍ਰਿਥਵੀ ਦੀ ਉੱਚਾਈ ਯੋਜਨਾ ਵਿੱਚ | ਵਿਮਾਨ ਸੰਖਿਆ | ਮਹਿਲਾਂ ਦੀ ਸੰਖਿਆ |
|---|---|---|---|---|
| ਸੁਧਰਮ | ਘਨੋਦਧੀ | 2700 | 32 ਲੱਖ | 500 |
| ਈਸ਼ਾਨ | ਘਨੋਦਧੀ | ਉਹੀ | 28 ਲੱਖ | 500 |
| ਸ਼ਨਤਕੁਮਾਰ | ਘਨਭਾਤ | 2600 | 12 ਲੱਖ | 600 |
| ਮੇਹੰਦਰ | ਘਨਭਾਤ | 2600 | 8 ਲੱਖ | 600 |
| ਬ੍ਰਹਮ | ਘਨਭਾਤ | 2500 | 4 ਲੱਖ | 700 |
| ਲਾਤੰਕ | ਅਵਕਾਸ਼ ਅੰਤਰ | 2500 | 50 ਹਜ਼ਾਰ | 700 |
| ਮਹਾਂ ਸ਼ੁਕਰ | ਉਹੀ | 2400 | 40 ਹਜ਼ਾਰ | 800 |
| ਸ਼ਹਿਸ਼ਤਾਰ | ਉਹੀ | ਉਹੀ | 6 ਹਜ਼ਾਰ | ਉਹੀ |
| ਆਨਤ | ਉਹੀ | 2300 | 200 | 900 |
| ਪ੍ਰਾਨਤ | ਉਹੀ | ਉਹੀ | ਉਹੀ | ਉਹੀ |
| ਆਰਨ | ਉਹੀ | ਉਹੀ | 150 | ਉਹੀ |
| ਅਚਯੁਤ | ਉਹੀ | ਉਹੀ | ਉਹੀ | ਉਹੀ |
| ਗ੍ਰੇਵਯਕ | ਉਹੀ | 2200 | 307 | 1000 |
| ਅਨੁੱਤਰ | ਉਹੀ | 2100 | 5 | 1100 |

# ਲੋਕ ਅਲੋਕ ਦਾ ਨਕਸ਼ਾ




सिद्ध शिला
अच्युत देवलोक
पाण देवलोक
आण देवलोक
सहस्त्रार देवलोक
महाशुक्र देवलोक
देवलोक
ईशान देवलोक
सौधर्म देवलोक
द्वीप
समुद्र
नर्क १
नर्क २
नर्क ३
नर्क ४
अंजना
नर्क ५
नर्क ६
नर्क ७
निगोद

# ਅਧੋ ਲੋਕ (ਨਰਕ ਦਾ ਨਕਸ਼ਾਂ)



# ਨੌਂ ਲੋਕਾਂਤਿਕ ਦੇਵ ਵਿਮਾਨਾਂ ਦਾ ਨਕਸ਼ਾਂ



# ਮੇਰੂ ਪਰਬਤ



નક્ષત્ર ૮૮૪ યોજન
ચન્દ્ર ૮૮૦ યોજન
સૂર્ય ૮૦૦ યોજન
તારા ૭૯૦ યોજન
પંડક વન
અભિષેક શિલા
શનિ ગ્રહ ૯૦૦ યોજન
મંગળ ગ્રહ ૮૯૭ યોજન
ગુરુ ગ્રહ ૮૯૪ યોજન
શુક્ર ગ્રહ ૮૯૧ યોજન
બુધ ગ્રહ ૮૮૮ યોજન
સ્વાતિ
સોમનસ વન
બીજી મેખલા
નંદન વન
પહેલી મેખલા
ભદ્રશાલ વન
ભૂમિસ્થાને ૧૦૦૦૦ યોજન વિસ્તાર
પહેલી કાંડ

# ਜੰਬੂ ਦੀਪ

